ਸ'ਚ ਦੀ ਉਭਰਦੀ ਆਵਾਜ਼

ਰੋਜ਼ਾਨਾ ਪੰਜ ਆਬ

www.5aab.media
Rojana 5aab
Sach di ubhardi awaz

ਸੰਪਾਦਕ - ਮਨਜੀਤ ਸਿੰਘ ਭੋਗਲ | ਸਹਿ ਸੰਪਾਦਕ - ਡਾ. ਸੁਰਜੀਤ ਸਿੰਘ ਜਰਮਨੀ

• ਜਰਮਨੀ • ਭਾਰਤ • ਸ਼ੁੱਕਰਵਾਰ 6 ਜੂਨ 2025 • ਸਾਲ 1 • ਅੰਕ 63 • ਪੰਨੇ 8 • Daily online PANJ AAB Newspaper • Germany & India • www.5aab.media

# ਬੈਂਗਲੁਰੂ ਭਗਦੜ ਮਾਮਲੇ 'ਚ ਆਰਸੀਬੀ ਖਿਲਾਫ਼ ਐੱਫਆਈਆਰ ਦਰਜ

**ਨਵੀਂ ਦਿੱਲੀ** : ਬੈਂਗਲਪੁਰ ਦੇ ਚਿੰਨਾਸਵਾਮੀ ਸਟੇਡੀਅਮ ਦੇ ਬਾਹਰ ਭਗਦੜ ਵਿੱਚ 11 ਲੋਕਾਂ ਦੀ ਮੌਤ ਤੋਂ ਬਾਅਦ ਆਰਸੀਬੀ, ਡੀਐਨਏ (ਈਵੈਂਟ ਮੈਨੇਜਰ) ਅਤੇ ਕੇਐਸਸੀਏ ਪ੍ਰਬੰਧਕੀ ਕਮੇਟੀ ਖਿਲਾਫ ਕੱਬਨ ਪਾਰਕ ਪੁਲਿਸ ਸਟੇਸ਼ਨ ਵਿੱਚ ਐਫਆਈਆਰ ਦਰਜ ਕੀਤੀ ਗਈ ਹੈ। ਐਫਆਈਆਰ ਵਿੱਚ ਅਪਰਾਧਿਕ ਲਾਪਰਵਾਹੀ ਦਾ ਆਰੋਪ ਲਗਾਇਆ ਗਿਆ ਹੈ। ਇਹ ਭਗਦੜ 4 ਜੂਨ ਨੂੰ ਹੋਈ ਸੀ, ਜਦੋਂ ਆਰਸੀਬੀ ਖਿਡਾਰੀਆਂ ਦੀ ਇੱਕ ਝਲਕ ਪਾਉਣ ਲਈ ਲੋਕਾਂ ਦਾ ਹੜ੍ਹ ਆ ਗਿਆ ਸੀ।

ਬੰਗਲੁਰੂ ਭਗਦੜ ਮਾਮਲੇ ਵਿੱਚ ਆਰਸੀਬੀ, ਡੀਐਨਏ (ਈਵੈਂਟ ਮੈਨੇਜਰ), ਕੇਐਸਸੀਏ ਪ੍ਰਬੰਧਕੀ ਕਮੇਟੀ ਅਤੇ ਹੋਰਾਂ ਖਿਲਾਫ ਕੱਬਨ ਪਾਰਕ ਪੁਲਿਸ ਸਟੇਸ਼ਨ ਵਿੱਚ ਐਫਆਈਆਰ ਦਰਜ ਕੀਤੀ ਗਈ ਹੈ। ਐਫਆਈਆਰ ਵਿੱਚ ਭਗਦੜ ਦੀ ਘਟਨਾ ਵਿੱਚ ਅਪਰਾਧਿਕ ਲਾਪਰਵਾਹੀ ਦੀ ਗੱਲ ਕਹੀ ਗਈ ਹੈ। ਆਈਪੀਐਲ-2025 ਦੇ ਫਾਈਨਲ ਵਿੱਚ ਆਰਸੀਬੀ ਦੀ ਜਿੱਤ ਤੋਂ ਬਾਅਦ, 4 ਜੂਨ ਨੂੰ ਚਿੰਨਾਸਵਾਮੀ ਸਟੇਡੀਅਮ ਵਿੱਚ ਆਰਸੀਬੀ ਖਿਡਾਰੀਆਂ ਲਈ ਇੱਕ ਸਨਮਾਨ ਸਮਾਰੋਹ ਆਯੋਜਿਤ ਕੀਤਾ ਗਿਆ ਸੀ। ਇਸ ਦੌਰਾਨ, ਸਟੇਡੀਅਮ ਦੇ ਬਾਹਰ ਭਗਦੜ ਵਿੱਚ 11 ਲੋਕਾਂ ਦੀ ਜਾਨ ਚਲੀ ਗਈ ਸੀ।

ਭਗਦੜ ਮਾਮਲੇ ਦੀ ਸੁਣਵਾਈ ਵੀਰਵਾਰ ਨੂੰ ਕਰਨਾਟਕ ਹਾਈ ਕੋਰਟ ਵਿੱਚ ਵੀ ਹੋਈ। ਹਾਈ ਕੋਰਟ ਨੇ ਸਰਕਾਰ ਨੂੰ 11 ਲੋਕਾਂ ਦੀ ਮੌਤ ਅਤੇ 50 ਤੋਂ ਵੱਧ ਲੋਕਾਂ ਦੇ ਜ਼ਖਮੀ ਹੋਣ ਦੇ ਮਾਮਲੇ ਵਿੱਚ ਸਟੇਟਸ ਰਿਪੋਰਟ ਦਾਇਰ ਕਰਨ ਦੇ ਨਿਰਦੇਸ਼ ਦਿੱਤੇ ਹਨ। ਅਦਾਲਤ ਨੇ ਮਾਮਲੇ ਦਾ ਖੁਦ ਨੋਟਿਸ ਲੈਣ ਤੋਂ ਬਾਅਦ ਰਾਜ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਹੈ। ਇਸ ਵਿੱਚ 10 ਜੂਨ ਤੱਕ ਵਿਸਤ੍ਰਿਤ ਸਟੇਟਸ ਰਿਪੋਰਟ ਦਾਇਰ ਕਰਨ ਲਈ ਕਿਹਾ ਹੈ। ਕਾਰਜਕਾਰੀ ਚੀਫ਼ ਜਸਟਿਸ ਵੀ. ਕਾਮੇਸ਼ਵਰ ਰਾਓ ਅਤੇ ਜਸਟਿਸ ਸੀਐਮ ਜੋਸ਼ੀ ਦੀ ਬੈਂਚ ਨੇ ਅਦਾਲਤ ਰਜਿਸਟਰੀ ਨੂੰ ਇਸ ਮਾਮਲੇ ਨੂੰ ਖੁਦ ਨੋਟਿਸ ਪੀਆਈਐਲ ਵਜੋਂ ਲੈਣ ਲਈ ਕਿਹਾ ਹੈ।

**ਦੋਸ਼ ਲਗਾਉਣਾ ਸਹੀ ਨਹੀਂ ਹੈ: ਸ਼ਸ਼ੀ ਕਿਰਨ ਸ਼ੈਟੀ**

ਐਡਵੋਕੇਟ ਜਨਰਲ ਸ਼ਸ਼ੀ ਕਿਰਨ ਸ਼ੈਟੀ ਨੇ ਕਿਹਾ, ਸਟੇਡੀਅਮ ਵਿੱਚ ਮੁਫ਼ਤ ਪ੍ਰਵੇਸ਼ ਦੇ ਐਲਾਨ ਕਾਰਨ, ਗੇਟ 'ਤੇ ਭਾਰੀ ਭੀੜ ਇਕੱਠੀ ਹੋ ਗਈ, ਜਿਸ ਕਾਰਨ ਭਗਦੜ (ਬਾਕੀ 2 ਤੇ)

## CID ਨੂੰ ਸੌਂਪਿਆ ਜਾ ਸਕਦਾ ਮਾਮਲਾ

### ਕਿਸੇ ਨੂੰ ਵੀ ਬਖਸ਼ਿਆ ਨਹੀਂ ਜਾ ਰਿਹਾ ਹੈ

**ਕਾਰਜਕਾਰੀ** ਚੀਫ਼ ਜਸਟਿਸ ਨੇ ਕਿਹਾ, ਮੌਕੇ 'ਤੇ ਐਂਬੂਲੈਂਸ ਹੋਣੀ ਚਾਹੀਦੀ ਸੀ। ਇਸ ਦੇ ਨਾਲ ਹੀ ਨੇੜਲੇ ਹਸਪਤਾਲਾਂ ਬਾਰੇ ਪੂਰੀ ਡਿਟੇਲ ਹੋਣੀ ਚਾਹੀਦੀ ਸੀ। ਇਸ 'ਤੇ ਸ਼ਸ਼ੀ ਕਿਰਨ ਸ਼ੈਟੀ ਨੇ ਕਿਹਾ ਕਿ ਐਂਬੂਲੈਂਸ ਉੱਥੇ ਮੌਜੂਦ ਸਨ ਪਰ ਇੰਨੀ ਵੱਡੀ ਘਟਨਾ ਲਈ ਕਾਫ਼ੀ ਨਹੀਂ ਸਨ। ਮੈਜਿਸਟ ?ਰੇਟ ਜਾਂਚ ਪਹਿਲਾਂ ਹੀ ਸ਼ੁਰੂ ਹੋ ਚੁੱਕੀ ਹੈ ਅਤੇ ਇਹ 15 ਦਿਨਾਂ ਵਿੱਚ ਪੂਰੀ ਹੋ ਜਾਵੇਗੀ। ਅਸੀਂ ਜਾਂਚ ਕਰ ਰਹੇ ਹਾਂ ਕਿ ਕਿੱਥੇ ਕੁਤਾਹੀ ਹੋਈ। ਕਿਸੇ ਨੂੰ ਵੀ ਬਖਸ਼ਿਆ ਨਹੀਂ ਜਾ ਰਿਹਾ ਹੈ।



ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਅਯੁੱਧਿਆ ਦੇ ਸ਼੍ਰੀ ਰਾਮ ਜਨਮ ਭੂਮੀ ਮੰਦਰ ਵਿਖੇ ਸ਼੍ਰੀ ਰਾਮ ਦਰਬਾਰ ਅਤੇ ਹੋਰ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਦੇ ਅਭਿਸ਼ੇਕ ਸਮਾਰੋਹ ਵਿੱਚ ਸ਼ਾਮਲ ਹੋਏ।

# ਅੰਮ੍ਰਿਤਸਰ ਵਿੱਚ ਇੱਕ ਔਰਤ ਸਮੇਤ ਛੇ ਨਸ਼ਾ ਤਸਕਰ 4 ਕਿਲੋ ਹੈਰੋਇਨ ਨਾਲ ਕਾਬੂ

**ਚੰਡੀਗੜ੍ਹ/ਅੰਮ੍ਰਿਤਸਰ** - ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸ਼ੁਰੂ ਕੀਤੀ ਗਈ ਨਸ਼ਿਆਂ ਵਿਰੋਧੀ ਮੁਹਿੰਮ ਦੌਰਾਨ, ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਦੋ ਅੰਤਰਰਾਸ਼ਟਰੀ ਨਾਰਕੋ-ਤਸਕਰੀ ਕਾਰਟੈਲਾਂ ਦਾ ਪਰਦਾਫਾਸ਼ ਕੀਤਾ ਹੈ, ਜਿਸ ਵਿੱਚ ਇੱਕ ਔਰਤ ਸਮੇਤ ਛੇ ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ, ਜਿਨ੍ਹਾਂ ਕੋਲੋਂ 4 ਕਿਲੋ ਹੈਰੋਇਨ ਬਰਾਮਦ ਕੀਤੀ ਗਈ ਹੈ। ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਵੀਰਵਾਰ ਇੱਥੇ ਦਿੱਤੀ।

ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਅੰਮ੍ਰਿਤਸਰ ਦੇ ਪਿੰਡ ਗੁਰੂ ਕੀ ਵਡਾਲੀ ਦੇ ਵਿਸ਼ਾਲ ਸਿੰਘ (23), ਅੰਮ੍ਰਿਤਸਰ ਦੇ ਪਿੰਡ ਜਠੌਲ ਦੇ ਦੀਦਾਰ ਸਿੰਘ ਉਰਫ਼ ਕਾਲੀ (50), ਤਰਨਤਾਰਨ ਦੇ ਪਿੰਡ ਬੁਰਜ ਸਰਾਏ ਅਮਾਨਤ ਖਾਨ ਦੇ ਸੈਵਨਬੀਰ ਸਿੰਘ (25), ਅੰਮ੍ਰਿਤਸਰ ਦੇ ਬਾਬਾ ਦੀਪ ਸਿੰਘ ਕਲੋਨੀ ਦੇ ਹਰਜੀਤ ਸਿੰਘ (38) ਉਰਫ਼ ਜੀਤਾ, ਅੰਮ੍ਰਿਤਸਰ ਦੇ ਮੁਹੱਲਾ ਚੇਤੂਆਂ ਦੇ ਜੱਜ ਸਿੰਘ (19) ਅਤੇ ਅੰਮ੍ਰਿਤਸਰ ਦੇ ਕਪਟਗੜ੍ਹ ਦੀ ਜਸਬੀਰ ਕੌਰ (60) ਵਜੋਂ ਹੋਈ ਹੈ। ਪੁਲਿਸ ਟੀਮਾਂ ਨੇ, ਹੈਰੋਇਨ ਬਰਾਮਦ ਕਰਨ ਤੋਂ ਇਲਾਵਾ ਉਕਤ ਮੁਲਜ਼ਮਾਂ ਦੀ ਟੋਇਟਾ ਇਨੋਵਾ ਕਾਰ ਨੂੰ ਵੀ ਜ਼ਬਤ ਕੀਤਾ ਹੈ, ਜਿਸਦੀ ਵਰਤੋਂ ਉਹ ਨਸ਼ਿਆਂ ਦੀ ਖੇਪ ਪਹੁੰਚਾਉਣ ਲਈ ਕਰ ਰਹੇ ਸਨ।

ਡੀਜੀਪੀ ਗੌਰਵ ਯਾਦਵ ਨੇ ਪਹਿਲੇ ਮਾਡਿਊਲ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਨੂੰ ਮੁਲਜ਼ਮ ਸੈਵਨਬੀਰ ਚਲਾਇਆ ਜਾ ਰਿਹਾ ਸੀ, ਜੋ ਪਾਕਿਸਤਾਨ ਸਥਿਤ ਤਸਕਰਾਂ ਨਾਲ ਸਿੱਧੇ ਸੰਪਰਕ ਵਿੱਚ ਸੀ। ਉਹ ਪਸ਼ੂ ਵਪਾਰ ਦੀ ਆੜ ਵਿੱਚ ਹੈਰੋਇਨ ਦੀਆਂ ਖੇਪਾਂ ਪ੍ਰਾਪਤ ਰਿਹਾ ਸੀ ।

ਡੀਜੀਪੀ ਨੇ ਕਿਹਾ ਕਿ ਗ੍ਰਿਫਤਾਰ ਕੀਤੀ ਇੱਕ ਹੋਰ ਮੁਲਜ਼ਮ ਜਸਬੀਰ ਕੌਰ, (ਬਾਕੀ 2 ਤੇ)



## ਲੁਧਿਆਣਾ ਪੱਛਮੀ ਜ਼ਿਮਨੀ ਚੋਣ : 14 ਉਮੀਦਵਾਰ ਲੜਨਗੇ ਚੋਣ - ਸਿਬਿਨ ਸੀ

**ਚੰਡੀਗੜ੍ਹ** - ਪੰਜਾਬ ਵਿਧਾਨ ਸਭਾ ਦੀ 64-ਲੁਧਿਆਣਾ ਪੱਛਮੀ ਸੀਟ ਦੀ ਜ਼ਿਮਨੀ ਚੋਣ ਲਈ ਕੁੱਲ 14 ਉਮੀਦਵਾਰ ਚੋਣ ਲੜਨਗੇ। ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਦੱਸਿਆ ਕਿ ਅੱਜ ਨਾਮਜ਼ਦਗੀ ਪੱਤਰ ਵਾਪਸ ਲੈਣ ਵਾਲੇ ਦਿਨ ਇੱਕ ਆਜ਼ਾਦ ਉਮੀਦਵਾਰ ਕਮਲ ਪਵਾਰ ਵੱਲੋਂ ਨਾਮਜ਼ਦਗੀ ਵਾਪਸ ਲਈ ਗਈ ਹੈ। ਉਨ੍ਹਾਂ ਦੱਸਿਆ ਕਿ ਨਾਮਜ਼ਦਗੀ ਪੱਤਰਾਂ ਦੀ ਪੜਤਾਲ ਤੋਂ ਬਾਅਦ ਕੁੱਲ 15 ਨਾਮਜ਼ਦਗੀਆਂ ਸਹੀ ਪਾਈਆਂ ਗਈਆਂ ਸਨ ਅਤੇ ਹੁਣ ਇੱਕ ਉਮੀਦਵਾਰ ਵੱਲੋਂ ਨਾਮਜ਼ਦਗੀ ਪੱਤਰ ਵਾਪਸ ਲੈਣ ਤੋਂ ਬਾਅਦ ਕੁੱਲ 14 ਉਮੀਦਵਾਰਾਂ ਚੋਣ ਮੈਦਾਨ ਵਿਚ ਰਹਿ ਗਏ ਹਨ। ਜ਼ਿਕਰਯੋਗ ਹੈ ਕਿ 19 ਜੂਨ ਨੂੰ ਸਵੇਰੇ 7 ਵਜੇ ਤੋਂ ਸ਼ਾਮ 6 ਵਜੇ ਤੱਕ ਵੋਟਿੰਗ ਹੋਵੇਗੀ ਅਤੇ ਅਤੇ 23 ਜੂਨ ਨੂੰ ਵੋਟਾਂ ਦੀ ਗਿਣਤੀ ਤੋਂ ਬਾਅਦ ਨਤੀਜਾ ਐਲਾਨਿਆ ਜਾਵੇਗਾ।

## ਲੁਧਿਆਣਾ ਪੱਛਮੀ ਵਿੱਚ ਕਾਂਗਰਸ ਨੂੰ ਵੱਡਾ ਝਟਕਾ ! ਕਾਂਗਰਸ ਛੱਡ ਕੇ ਦਰਜਨਾਂ ਪਰਿਵਾਰ 'ਆਪ' ਵਿੱਚ ਹੋਏ ਸ਼ਾਮਲ

# ਆਜ਼ਾਦ ਉਮੀਦਵਾਰ ਚੰਦਨ ਚਨਾਲੀਆ ਸਮੇਤ ਕਈ ਪ੍ਰਮੁੱਖ ਸਮਾਜਿਕ ਚਿਹਰੇ 'ਆਪ' ਵਿੱਚ ਸ਼ਾਮਲ

### ਮੁਫ਼ਤ ਬਿਜਲੀ, ਸਿੱਖਿਆ ਅਤੇ ਸਿਹਤ ਸੇਵਾਵਾਂ ਤੋਂ ਪੰਜਾਬ ਦੇ ਲੋਕ ਖ਼ੁਸ਼, ਭਗਵੰਤ ਮਾਨ ਨੇ ਕਿਹਾ - ਲੋਕਾਂ ਨੂੰ ਮਿਲ ਰਿਹਾ ਹੈ ਕੰਮ ਦਾ ਸਿੱਧਾ ਫ਼ਾਇਦਾ

**ਲੁਧਿਆਣਾ** - ਲੁਧਿਆਣਾ ਪੱਛਮੀ ਵਿਧਾਨ ਸਭਾ ਜ਼ਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ (ਆਪ) ਨੂੰ ਅੱਜ ਫਿਰ ਵੱਡੀ ਕਾਮਯਾਬੀ ਮਿਲੀ ਹੈ। ਇਸ ਦੇ ਨਾਲ ਹੀ ਕਾਂਗਰਸ ਪਾਰਟੀ ਨੂੰ ਵੱਡਾ ਝਟਕਾ ਲੱਗਾ ਹੈ। ਵੀਰਵਾਰ ਨੂੰ, ਜ਼ਿਮਨੀ ਚੋਣ ਲੜ ਰਹੇ ਆਜ਼ਾਦ ਉਮੀਦਵਾਰ ਚੰਦਨ ਚਨਾਲੀਆ ਸਮੇਤ ਲਗਭਗ ਦੋ ਦਰਜਨ ਕਾਂਗਰਸੀ ਪਰਿਵਾਰ 'ਆਪ' ਵਿੱਚ ਸ਼ਾਮਲ ਹੋ ਗਏ।



ਮੁੱਖ ਮੰਤਰੀ ਭਗਵੰਤ ਮਾਨ ਨੇ ਲੁਧਿਆਣਾ ਪੱਛਮੀ ਤੋਂ 'ਆਪ' ਉਮੀਦਵਾਰ ਸੰਜੀਵ ਅਰੋੜਾ ਅਤੇ ਪਾਰਟੀ ਦੇ ਸੰਸਦ ਮੈਂਬਰ ਡਾ. ਰਾਜਕੁਮਾਰ ਚੱਬੇਵਾਲ ਦੀ ਮੌਜੂਦਗੀ ਵਿੱਚ ਸਾਰੇ ਆਗੂਆਂ ਅਤੇ ਪਰਿਵਾਰਾਂ ਦਾ ਰਸਮੀ ਤੌਰ 'ਤੇ ਪਾਰਟੀ ਵਿੱਚ ਸਵਾਗਤ ਕੀਤਾ।

ਪਾਰਟੀ ਵਿੱਚ ਸ਼ਾਮਲ ਹੋਣ ਵਾਲਿਆਂ ਵਿੱਚ ਸਿੱਖਿਆ ਸ਼ਾਸਤਰੀ ਸਿੰਮੀ ਚੋਪੜਾ ਪਸ਼ਾਨ, ਵਿਨਾਇਕ ਪਸ਼ਾਨ, ਚੰਦਰਜੀਤ ਕਰਨ, ਰਣਬੀਰ ਸਿੰਘ (ਸੇਵਾਮੁਕਤ ਪੁਲਿਸ ਅਧਿਕਾਰੀ ਅਤੇ ਸਾਬਕਾ ਅੰਤਰਰਾਸ਼ਟਰੀ ਵਾਲੀਬਾਲ ਖਿਡਾਰੀ), ਐਡਵੋਕੇਟ ਜੀਵਨਜੋਤ, ਐਡਵੋਕੇਟ ਮਮਮਤ ਅਰੋੜਾ ਅਤੇ ਮਨੀਸ਼ ਅਗਰਵਾਲ ਸ਼ਾਮਲ ਹਨ।

ਕਾਂਗਰਸ ਤੋਂ ਆਏ ਲੋਕਾਂ ਵਿਚ ਵਰੁਣ ਸ਼ਰਮਾ (ਵਾਰਡ ਨੰ. 60), ਪ੍ਰਿਅੰਕਾ ਸ਼ਰਮਾ (ਵਾਰਡ ਨੰ. 60), ਸੌਰਵ ਅਰੋੜਾ (ਵਾਰਡ ਨੰ. 57), ਰਾਜਾ ਸਿੰਘ (ਵਾਰਡ ਨੰ. 73), ਰਾਜੇਸ਼ ਬਿੰਦਰਾ (ਵਾਰਡ ਨੰ. 73), ਅਸ਼ਵਨੀ ਭਾਰਦਵਾਜ (ਵਾਰਡ ਨੰ. 73), ਵਿੱਕੀ ਗੌਰਵ (ਵਾਰਡ ਨੰ. 73), ਯਸ਼ਪਾਲ ਸ਼ਰਮਾ (ਵਾਰਡ ਨੰ. 73), (ਵਾਰਡ ਨੰ. 73), ਰਵੀ ਬਾਲੀ, ਰਜਿੰਦਰ ਕੌਰ, ਪਿਤੂ ਗਿੱਲ, ਕਮਲ ਧੀਰ, ਰੁਪਿੰਦਰ ਸਿੰਘ, ਨੀਨਾ ਭੱਠਲ, ਕੁੱਕੂ ਗਰੇਵਾਲ, ਮਮਤਾ ਮਹਿਤਾ, ਅਨੂ ਕਾਲੀਆ, ਮਨਿੰਦਰ ਬੱਗਾ, ਜਸਲੀਨ ਕੌਰ, ਸਮਰ ਬਜਾਜ, ਗੀਤੂ ਕਪੂਰ ਅਤੇ ਮਧੂ ਥਾਪਰ ਸ਼ਾਮਿਲ ਹਨ।

ਇਸ ਮੌਕੇ ਮੀਡੀਆ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਇਨ੍ਹਾਂ ਲੋਕਾਂ ਦੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਨਾਲ ਲੁਧਿਆਣਾ ਪੱਛਮੀ ਜ਼ਿਮਨੀ ਚੋਣ ਵਿੱਚ ਪਾਰਟੀ ਦੀ ਸਥਿਤੀ ਹੋਰ ਮਜ਼ਬੂਤ ? ?ਹੋ ਗਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ 'ਆਪ' ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਮੁਫ਼ਤ ਬਿਜਲੀ, ਸਿੱਖਿਆ ਅਤੇ ਸਿਹਤ ਸੇਵਾਵਾਂ ਤੋਂ ਬਹੁਤ ਖ਼ੁਸ਼ ਹਨ। ਹਰ ਵਰਗ ਅਤੇ ਸਮਾਜ ਦੇ ਲੋਕ ਸਰਕਾਰ ਦਾ ਸਮਰਥਨ ਕਰ ਰਹੇ ਹਨ ਅਤੇ ਲਗਾਤਾਰ ਵੱਡੀ ਗਿਣਤੀ ਵਿੱਚ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ।

ਪਾਰਟੀ ਵਿੱਚ ਵੱਡੀ ਗਿਣਤੀ ਵਿੱਚ ਔਰਤਾਂ ਦੇ ਸ਼ਾਮਲ ਹੋਣ ਦੀ ਪ੍ਰਸ਼ੰਸਾ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਮੈਂ ਨਿੱਜੀ ਤੌਰ 'ਤੇ ਔਰਤਾਂ ਦੇ ਸ਼ਾਮਲ ਹੋਣ ਤੋਂ ਬਹੁਤ ਪ੍ਰਭਾਵਿਤ ਹਾਂ। ਪਾਰਟੀ ਸੰਗਠਨ ਅਤੇ ਸਰਕਾਰ ਵਿੱਚ ਸਾਰਿਆਂ ਨੂੰ ਬਣਦਾ (ਬਾਕੀ 2 ਤੇ)

## ਫ਼ਿਰੋਜ਼ਪੁਰ ਦੇ ਮੱਖੂ ਗੇਟ 'ਤੇ ਚੱਲੀਆਂ ਗੋਲੀਆਂ, ਨੌਜਵਾਨ ਦੀ ਮੌਕੇ 'ਤੇ ਮੌਤ

**ਫਿਰੋਜ਼ਪੁਰ** - ਫਿਰੋਜ਼ਪੁਰ ਸ਼ਹਿਰ ਦੇ ਮੱਖੂ ਗੇਟ ਸੈਲੂਨ 'ਤੇ ਟੈਟੂ ਬਣਵਾਉਣ ਆਏ ਨੌਜਵਾਨ 'ਤੇ ਅਣਪਛਾਤੇ ਵਿਅਕਤੀਆਂ ਵਲੋਂ ਗੋਲੀਆਂ ਚਲਾਈਆਂ ਗਈਆਂ ਹਨ। ਜਿਸ ਦੌਰਾਨ ਨੌਜਵਾਨ ਦੀ ਮੌਕੇ 'ਤੇ ਹੀ ਮੌਤ ਹੋ ਗਈ। ਅਣਪਛਾਤੇ ਵਿਅਕਤੀਆਂ ਵਲੋਂ ਨੌਜਵਾਨ 'ਤੇ ਤਿੰਨ ਤੋਂ ਚਾਰ ਫਾਇਰ ਕੀਤੇ ਗਏ ਹਨ। ਜਿਸ ਨੌਜਵਾਨ ਦੀ ਮੌਤ ਹੋਈ ਹੈ, ਉਸ ਦਾ ਨਾਮ ਆਸ਼ੂ ਮੋਂਗਾ ਹੈ। ਉਹ ਆਸ਼ੀਸ਼ ਚੋਪੜਾ ਗੈਂਗ ਦਾ ਦੱਸਿਆ ਜਾ ਰਿਹਾ ਹੈ। ਪੁਲਿਸ ਮੌਕੇ 'ਤੇ ਪਹੁੰਚ ਗਈ ਹੈ ਅਤੇ ਮਾਮਲੇ ਦੀ ਜਾਂਚ ਕਰ ਰਹੀ ਹੈ। ਇਸ ਗੋਲੀਬਾਰੀ ਦਾ ਇਕ ਵੀਡੀਓ ਵੀ ਸਾਹਮਣੇ ਆਇਆ ਹੈ। ਇਸ ਵੀਡੀਓ 'ਚ ਸੜਕ 'ਤੇ ਲਗਾਤਾਰ ਗੋਲੀਬਾਰੀ ਹੁੰਦੀ ਦਿਖਾਈ ਦੇ ਰਹੀ ਹੈ। ਇਹ ਗੈਂਗ ਵਾਰ ਦੱਸੀ ਜਾ ਰਹੀ ਹੈ।

### ਮੁੜ ਸਿਆਸਤ 'ਚ ਐਕਟਿਵ ਹੋਏ ਨਵਜੋਤ ਕੌਰ ਸਿੱਧੂ

## 2027 ਦੀਆਂ ਚੋਣਾਂ ਲਈ ਤਿਆਰੀਆਂ ਸ਼ੁਰੂ ਕਰ ਦਿੱਤੀਆਂ



**ਅੰਮ੍ਰਿਤਸਰ।** ਅੰਮ੍ਰਿਤਸਰ ਵਿੱਚ ਅੱਜ ਕਾਂਗਰਸ ਲਈ ਚੰਗੀ ਤਸਵੀਰ ਦੇਖਣ ਨੂੰ ਮਿਲੀ ਹੈ। ਨਵਜੋਤ ਕੌਰ ਸਿੱਧੂ ਆਪਣੇ ਹਲਕਾ ਅੰਮ੍ਰਿਤਸਰ ਪੂਰਬੀ ਦੇ ਲੋਕਾਂ ਅਤੇ ਪਾਰਟੀ ਵਰਕਰਾਂ ਨੂੰ ਮਿਲਣ ਪਹੁੰਚੇ। ਇਸ ਮੌਕੇ ਨਵਜੋਤ ਕੌਰ ਸਿੱਧੂ ਅੱਜ ਤਿਲਕ ਨਗਰ ਪਹੁੰਚੀ। ਮੈਡਮ ਸਿੱਧੂ ਨੇ ਕਾਂਗਰਸ ਦੇ ਵਰਕਰਾਂ ਨੂੰ ਮਨਾਉਣ ਅਤੇ ਉਨ੍ਹਾਂ ਨੂੰ ਕਾਂਗਰਸ ਵਿੱਚ ਸ਼ਾਮਲ ਕਰ ਇੱਕਜੁਟ ਕਰਨ ਦੀ ਕੋਸ਼ਿਸ਼ ਵਿੱਚ ਲੱਗੇ ਹੋਏ ਹਨ।

2027 ਚੋਣਾਂ ਲਈ ਤਿਆਰੀਆਂ ਕੀਤੀ ਅਰੰਭ

ਇਸ ਮੌਕੇ ਨਵਜੋਤ ਕੌਰ ਸਿੱਧੂ ਨੇ ਕਿਹਾ ਕਿ ਉਨ੍ਹਾਂ ਨੇ 2027 ਦੀਆਂ ਚੋਣਾਂ ਲਈ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਇਸ ਲਈ ਉਹ ਵਰਕਰਾਂ ਨੂੰ ਮਿਲਣ ਲਈ ਪਹੁੰਚੇ ਹਨ। ਉਨ੍ਹਾਂ ਨੇ ਕਿਹਾ ਕਿ ਉਹ ਜ਼ਰੂਰ ਜਿੱਤ ਦਰਜ ਕਰਨਗੇ। ਇਸ ਦੌਰਾਨ ਨਵਜੋਤ ਸਿੱਧੂ ਬਾਰੇ ਬੋਲਦਿਆਂ ਉਨ੍ਹਾਂ (ਬਾਕੀ 2 ਤੇ)

# ਸੋਹਣ ਸਿੰਘ ਠੰਡਲ ਦੀ ਸ਼੍ਰੋਮਣੀ ਅਕਾਲੀ ਦਲ 'ਚ ਹੋਈ ਘਰ ਵਾਪਸੀ

### ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕੀਤਾ ਸਵਾਗਤ

**ਲੁਧਿਆਣਾ।** ਸਾਬਕਾ ਕੈਬਨਿਟ ਮੰਤਰੀ ਸੋਹਣ ਸਿੰਘ ਠੰਡਲ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿੱਚ ਅੱਜ ਮੁੜ ਪਾਰਟੀ ਵਿੱਚ ਸ਼ਾਮਿਲ ਹੋ ਗਏ ਹਨ। ਇਸ ਦੌਰਾਨ ਸੁਖਬੀਰ ਸਿੰਘ ਬਾਦਲ ਨੇ ਉਹਨਾਂ ਦਾ ਪਾਰਟੀ ਦੇ ਵਿੱਚ ਸਵਾਗਤ ਕਰਦੇ ਹੋਏ ਕਿਹਾ ਕਿ ਅਸੀਂ ਕੁਝ ਮਹੀਨਿਆਂ ਦੇ ਲਈ ਡੈਪੂਟੇਸ਼ਨ 'ਤੇ ਇਹਨਾਂ ਨੂੰ ਦੂਜੀ ਪਾਰਟੀ ਦੇ ਵਿੱਚ ਭੇਜਿਆ ਸੀ ਅਤੇ ਹੁਣ ਮੁੜ ਤੋਂ ਇਹ ਘਰ ਆ ਗਏ ਹਨ। ਉਹਨਾਂ ਕਿਹਾ ਕਿ ਸਿਰਫ ਸੋਹਨ ਸਿੰਘ ਠੰਡਲ ਹੀ ਨਹੀਂ ਸਗੋਂ ਕਈ ਅਜਿਹੇ ਹੋਰ ਲੀਡਰ ਵੀ ਲਗਾਤਾਰ ਸਾਡੇ ਤੱਕ ਅਪਰੋਚ ਕਰ ਰਹੇ ਹਨ।

ਹੁਣ ਅਕਾਲੀ ਦਲ ਹੀ ਇੱਕੋ ਇੱਕ ਅਜਿਹੀ ਪਾਰਟੀ ਹੈ ,ਜੋ ਪੰਜਾਬੀਆਂ ਦਾ ਸਾਥ ਦੇ ਸਕਦੀ ਹੈ। ਇਸ ਦੌਰਾਨ ਸੋਹਨ ਸਿੰਘ ਠੰਡਲ ਨੇ ਵੀ ਪਾਰਟੀ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਹ ਸ਼੍ਰੋਮਣੀ ਅਕਾਲੀ ਦਲ ਦੇ ਵਿੱਚ ਮੁੜ ਆ ਗਏ ਹਨ। ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਜੋ ਦਿੱਲੀ ਦੇ ਆਗੂਆਂ ਨੂੰ ਲੈ ਕੇ ਇੱਥੇ ਪੋਲਸੀਆਂ ਬਣਾ ਰਹੀ ਹੈ ,ਉਹਨਾਂ ਦਾ ਉਹ ਡੱਟ ਕੇ ਵਿਰੋਧ ਕਰਨਗੇ।



ਇਸ ਦੌਰਾਨ ਸੁਖਬੀਰ ਬਾਦਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਕੈਬਨਿਟ ਵਿੱਚ ਜੋ ਫੈਸਲੇ ਸਰਕਾਰ ਪੰਜਾਬ ਦੀ ਲੁੱਟ ਖਸੁੱਟ ਕਰਨ ਦੇ ਲਈ ਪਾਸ ਕਰ ਰਹੀ ਹੈ। ਉਹਨਾਂ ਨੂੰ ਸਾਡੀ ਸਰਕਾਰ ਆਉਣ ਤੋਂ ਤੁਰੰਤ ਬਾਅਦ ਰੱਦ ਕਰ ਦਿੱਤਾ ਜਾਵੇਗਾ। ਉਹਨਾਂ ਕਿਹਾ ਕਿ ਲੋਕਾਂ ਦੀ ਲੁੱਟ ਖਸੁੱਟ ਨਹੀਂ ਹੋਣ ਦਿੱਤੀ ਜਾਵੇਗੀ, ਨਾ ਹੀ ਕਿਸਾਨਾਂ ਦੀਆਂ ਜ਼ਮੀਨਾਂ 'ਤੇ ਕਿਸੇ ਨੂੰ ਇੱਕ ਇੰਚ ਕਬਜ਼ਾ ਕਰਨ ਦਿੱਤਾ ਜਾਵੇਗਾ। ਇਸ ਦੌਰਾਨ ਸੁਖਬੀਰ ਸਿੰਘ ਬਾਦਲ (ਬਾਕੀ 2 ਤੇ)

## ਕੈਨੇਡਾ ਪੁਲਿਸ ਨੇ ਸਿੱਖ ਕਾਰੋਬਾਰੀ ਦੇ ਕਤਲ ਮਾਮਲੇ 'ਚ ਦੋ ਭਾਰਤੀ ਮੂਲ ਦੇ ਵਿਅਕਤੀਆਂ ਨੂੰ ਕੀਤਾ ਗ੍ਰਿਫ਼ਤਾਰ

**ਕੈਨੇਡਾ।** ਕੈਨੇਡਾ ਪੁਲਿਸ ਨੇ ਸਿੱਖ ਕਾਰੋਬਾਰੀ ਹਰਜੀਤ ਢੱਡਾ ਦੇ ਕਤਲ ਮਾਮਲੇ ਦੇ ਸਬੰਧ ਵਿੱਚ ਦੋ 21 ਸਾਲਾ ਭਾਰਤੀ ਮੂਲ ਦੇ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਸਨੂੰ 14 ਮਈ ਨੂੰ ਮਿਸੀਸਾਗਾ, ਓਨਟਾਰੀਓ ਦੇ ਇੱਕ ਪਾਰਕਿੰਗ ਏਰੀਆ ਵਿੱਚ ਕਈ ਵਾਰ ਗੋਲੀ ਮਾਰੀ ਗਈ ਸੀ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਅਮਨ ਅਤੇ ਦਿਗਵਿਜੇ ਵਜੋਂ ਹੋਈ ਹੈ, ਜੋ ਕਿ ਡੈਲਟਾ, ਬ੍ਰਿਟਿਸ਼ ਕੋਲੰਬੀਆ ਤੋਂ ਹਨ। ਸਿੱਖ ਪੀੜਤ ਉੱਤਰਾਖੰਡ ਦਾ ਰਹਿਣ ਵਾਲਾ ਸੀ ਅਤੇ ਓਨਟਾਰੀਓ ਦੇ ਬਰੈਂਪਟਨ ਵਿੱਚ ਇੱਕ ਟਰੱਕਿੰਗ ਸੇਫਟੀ ਅਤੇ ਬੀਮਾ ਸਲਾਹਕਾਰ ਚਲਾ ਰਿਹਾ ਸੀ। ਮ੍ਰਿਤਕ ਨੇ ਕਤਲ ਤੋਂ ਕੁਝ ਦਿਨ ਪਹਿਲਾਂ, ਉਸਨੇ ਪੁਲਿਸ ਨੂੰ ਲਗਾਤਾਰ ਧਮਕੀਆਂ ਬਾਰੇ ਸੂਚਿਤ ਕੀਤਾ ਸੀ, ਜੋ ਉਸਨੂੰ ਜਬਰੀ ਵਸੂਲੀ ਤੋਂ ਮਿਲ ਰਹੀਆਂ ਸਨ। ਉਸਦੀ ਧੀ ਗੁਰਲਿਨ ਢੱਡਾ ਨੇ ਸਪੱਸ਼ਟ ਤੌਰ 'ਤੇ ਗੁੱਸੇ ਵਿੱਚ ਆ ਕੇ ਕੈਨੇਡੀਅਨ (ਬਾਕੀ 2 ਤੇ)



## ਮੁੱਖ ਮੰਤਰੀ ਨੇ ਨਵੇਂ ਚੁਣੇ ਗਏ 26 ਯੂਪੀਐਸਸੀ ਅਧਿਕਾਰੀਆਂ ਨੂੰ ਦੇਸ਼ ਭਰ ਵਿੱਚ ਸੂਬੇ ਦੇ ਅਮੀਰ ਸੱਭਿਆਚਾਰ ਅਤੇ ਵਿਰਾਸਤ ਦੇ ਦੂਤ ਬਣਨ ਲਈ ਪ੍ਰੇਰਿਆ

**ਚੰਡੀਗੜ੍ਹ** - ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ (ਯੂ.ਪੀ.ਐਸ.ਸੀ.) ਦੇ ਨਵੇਂ ਚੁਣੇ ਗਏ ਉਮੀਦਵਾਰਾਂ ਨੂੰ ਦੇਸ਼ ਭਰ ਵਿੱਚ ਸੂਬੇ ਦੇ ਅਮੀਰ ਸੱਭਿਆਚਾਰ ਅਤੇ ਵਿਰਾਸਤ ਦੇ ਬ੍ਰਾਂਡ ਅੰਬੈਸਡਰ ਬਣਨ ਲਈ ਪ੍ਰੇਰਿਤ ਕੀਤਾ।

ਅੱਜ ਇੱਥੇ ਆਪਣੀ ਸਰਕਾਰੀ ਰਿਹਾਇਸ਼ ਵਿਖੇ ਨਵੇਂ ਚੁਣੇ ਗਏ 26 ਉਮੀਦਵਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਉਨ੍ਹਾਂ ਨੂੰ ਇਸ ਸ਼ਾਨਦਾਰ ਸਫ਼ਲਤਾ ਲਈ ਵਧਾਈ ਦਿੱਤੀ ਅਤੇ ਕਿਹਾ ਕਿ ਇਸਦਾ ਸਿਹਰਾ ਉਨ੍ਹਾਂ ਦੀ ਸਖ਼ਤ ਮਿਹਨਤ, ਵਚਨਬੱਧਤਾ ਅਤੇ ਲਗਨ ਨੂੰ ਜਾਂਦਾ ਹੈ। ਉਨ੍ਹਾਂ ਕਿਹਾ ਕਿ ਹੁਣ ਜਦੋਂ ਇਨ੍ਹਾਂ ਉਮੀਦਵਾਰਾਂ ਦੀ ਚੋਣ ਹੋ ਗਈ ਹੈ ਤਾਂ ਉਨ੍ਹਾਂ ਨੂੰ ਯੋਗਤਾ ਅਨੁਸਾਰ ਕੇਡਰ ਅਲਾਟ ਕਰਨ ਦੇ ਨਾਲ-ਨਾਲ ਮੈਰਿਟ ਆਧਾਰ 'ਤੇ ਉਨ੍ਹਾਂ ਦੀ ਤਾਇਨਾਤੀ ਕੀਤੀ ਜਾਵੇਗੀ। ਭਗਵੰਤ ਸਿੰਘ ਮਾਨ ਨੇ ਉਮੀਦਵਾਰਾਂ ਨੂੰ ਕਿਹਾ ਕਿ ਉਨ੍ਹਾਂ ਦੀ ਤਾਇਨਾਤੀ ਜਿੱਥੇ ਵੀ ਹੋਵੇ, ਉਹ ਆਪਣੇ ਕੰਮ ਵਾਲੀ ਥਾਂ 'ਤੇ ਆਪਣੇ ਜੱਦੀ ਸੂਬੇ ਦੀ ਮਹਿਕ ਜ਼ਰੂਰ ਫੈਲਾਉਣ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬੀ ਆਪਣੀ ਮਿਹਨਤ, ਲਚਕੀਲੇਪਣ ਅਤੇ ਨਵੀਨ ਪਹੁੰਚ ਲਈ ਜਾਣੇ ਜਾਂਦੇ ਹਨ। ਉਨ੍ਹਾਂ ਚੁਣੇ ਗਏ ਉਮੀਦਵਾਰਾਂ ਨੂੰ ਆਪਣੇ ਕੰਮ ਵਾਲੀ ਥਾਂ 'ਤੇ ਆਪਣੇ ਸੂਬੇ ਦੀ ਅਮਿੱਟ ਛਾਪ (ਬਾਕੀ 2 ਤੇ)



# ਕੁਲਾਰ ਹਸਪਤਾਲ ਦੇ ਸਥਾਪਨਾ ਦਿਵਸ ਤੇ ਵਿਸ਼ੇਸ਼

## ਦੋ ਦਹਾਕੇ ਪਹਿਲਾਂ ਪੇਂਡੂ ਖੇਤਰ ਚ ਸਥਾਪਿਤ ਹੋਇਆ ਕੁਲਾਰ ਹਸਪਤਾਲ ਬੀਜਾ ਨੇ ਸਿਹਤ ਸਹੂਲਤਾਂ ਦੇ ਇਲਾਜ ਵਿਚ ਅੰਤਰਰਾਸ਼ਟਰੀ ਪੱਧਰ ਤੇ ਥਾਂ ਬਣਾਈ

**ਖੰਨਾ/ਬੀਜਾ, ਲਾਲ ਸਿੰਘ ਮਾਂਗਟ**

ਲੁਧਿਆਣਾ -ਦਿੱਲੀ ਮੁੱਖ ਮਾਰਗ ਉੱਤੇ ਸਥਿਤ ਖੰਨਾ ਤਹਿਸੀਲ ਅਧੀਨ ਆਉਂਦੇ ਕਸਬਾ ਬੀਜਾ ਨੇ ਅੰਤਰਰਾਸ਼ਟਰੀ ਪੱਧਰ ਉੱਤੇ ਮੈਡੀਕਲ ਸਿਹਤ ਸਹੂਲਤਾਂ ਵਿਚ ਇਤਿਹਾਸਕ ਕਾਰਗੁਜ਼ਾਰੀ ਨਿਰਵਿਘਨ ਦਿਖਉਂਦਿਆਂ ਅੱਜ 4 ਜੂਨ ਨੂੰ 24 ਵੇਂ ਸਾਲ ਵਿਚ ਪ੍ਰਵੇਸ਼ ਹੋ ਗਿਆ ਹੈ। 17 ਸਾਲਾਂ ਦੇ ਸਫਰ ਦੌਰਾਨ ਇੰਨੀਆਂ ਵੱਡੀਆਂ ਪ੍ਰਾਪਤੀਆਂ ਕਰ ਵਿਖਾਈਆਂ ਕਿ ਭਾਰਤ ਦੇਸ਼ ਹੀ ਨਹੀਂ ਸਗੋਂ ਵਿਸ਼ਵ ਪੱਧਰ ਤੇ ਆਪਣੀ ਨਿਵੇਕਲੀ ਥਾਂ ਬੁਣਾਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ ਕਿ ਅੱਜ ਇਹ ਅਦਾਰਾ ਵਾਕਿਆ ਹੀ ਨਿਰੋਲ ਪੇਂਡੂ ਖੇਤਰ ਦੀ ਸਰਜ਼ਮੀ ਤੇ ਸਥਾਪਿਤ ਹੋਇਆ ਇੱਕ ਮੁਜਸ਼ਮਾ ਹੀ ਕਿਹਾ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਸਿੱਖਿਆ ਖੇਤਰ ਦੇ ਵਿਦਵਾਨ ਤੇ ਸ਼੍ਰੋਮਣੀ ਅਕਾਲੀ ਦਲ ਦੇ ਟਕਸਾਲੀ ਆਗੂ ,ਸਨਮਾਨਯੋਗ ਸਖਸ਼ੀਅਤ ਪ੍ਰੋ ਗੁਰਬਖਸ਼ ਸਿੰਘ ਬੀਜਾ ਦੀ ਸਰਪ੍ਰਸਤੀ ਹੇਠ ਉਨ੍ਹਾਂ ਦੇ ਪੁੱਤਰ ਅਮਰੀਕਾ ਤੋਂ ਗੋਲਡ ਮੈਡਲਿਸਟ ਡਾਕਟਰ ਕੁਲਦੀਪਕ ਸਿੰਘ ਕੁਲਾਰ ਇੰਟਰਨੈਸ਼ਨਲ



ਮੋਟਾਪਾ ਸਰਜਨ ਨੇ6 ਜੂਨ2001 ਨੂੰ ਇਸ ਹਸਪਤਾਲ ਦੀ ਸਥਾਪਨਾ ਕੀਤੀ ਸੀ। ਡਾਕਟਰ ਕੁਲਾਰ ਨੇ ਆਪਣੀ ਟੀਮ ਨਾਲ ਗੁਰਦੇ ਦੀ ਪੱਥਰੀ ਨੂੰ , ਬੱਚੇਦਾਨੀ ਦੀਆਂ ਰਸੌਲੀਆਂ ਨੂੰ, ਬੱਚੇਦਾਨੀ ਨੂੰ ਸਾਬਤ ਬਹਾਰ ਕੱਢਣ ,ਹਰਨੀਆਂ ਦੀ ਟਿਪ ਸਰਜਰੀ ਬਵਾਸੀਰ ਹੋਰ ਹੈਰਾਨੀਜਨਕ ਦੂਰਬੀਨ ਸਰਜਰੀ ਨਾਲ ਅਪ੍ਰੇਸ਼ਨਾਂ ਕਰਕੇ ਕੁਝ ਹੀ ਸਮੇ ਵਿਚ ਅੰਤਰਰਾਸ਼ਟਰੀ ਪੱਧਰ ਤੇ ਚਮਕ ਗਿਆ ਸੀ । ਉਸ ਦੇ ਜੀਵਨ ਸਾਥੀ ਡਾਕਟਰ ਕੁਲਾਰ ਨੇ ਵੀ ਬੇਔਲਾਦ ਜੋੜਿਆਂ ਨੂੰ ਹਜਾਰਾਂ ਦੀ ਤਦਾਦ ਵਿਚ ਸੰਤਾਨ ਦਾ ਨਿੱਘ ਦਿਵਾਇਆ। ਡਾਕਟਰ ਕੁਲਦੀਪਕ ਸਿੰਘ ਕੁਲਾਰ ਨੇ ਇੱਕ ਦਹਾਕੇ ਪਹਿਲਾਂ ਅਮਰੀਕਾ ਵਿਚ ਚੱਲ ਰਹੀ ਮੋਟਾਪੇ ਦੇ ਮਰੀਜਾਂ ਲਈ ਵਰਦਾਨ ਸਾਬਤ ਹੋਈ ਮਿੰਨੀ ਗੈਸਟਰਿਕ ਬਾਈਪਾਸ ਸਰਜਰੀ ਦੇ ਪਿਤਾਮਾ ਡਾਕਟਰ ਰਟਲੇਜ ਅਮਰੀਕਾ ਤੋਂ ਸਿਖਲਾਈ ਪ੍ਰਾਪਤ ਕਰਕੇ ਭਾਰਤ ਵਿਚ ਸੱਭ ਤੋਂ ਪਹਿਲਾਂ ਇਸ ਤਕਨੀਕ ਦੀ ਸੁਰੂਆਤ ਕੁਲਾਰ ਹਸਪਤਾਲ ਬੀਜਾ ਵਿਚ ਕੀਤੀ ਅੱਜ ਹਜਾਰਾਂ ਦੀ ਤਾਦਾਦ ਵਿਚ ਮੋਟਾਪੇ ਦੇ ਸਫਲ ਅਪ੍ਰੇਸ਼ਨਾਂ ਸਦਕਾ ਸੂਬੇ ਦੇ ਹੀ ਨਹੀਂ ਸਗੋਂ ਵਿਦੇਸ਼ਾਂ ਤੋਂ ਵੀ ਗੋਰੇ ਗੋਰੀਆਂ,ਐਨ ਆਰ ਆਈ ਇਲਾਜ ਕਰਵਾਉਣ ਨੂੰ ਤਰਜੀਹ ਦੇ ਰਹੇ ਹਨ। ਮੋਟਾਪੇ ਦੇ ਇਲਾਜ ਵਿਚ ਰਿਕਾਰਡ ਤੋੜ ਸਫਲਤਾ ਕਰਕੇ ਇਸ ਹਸਪਤਾਲ ਨੂੰ ਉਤਰੀ ਭਾਰਤ ਵਿਚ ਸਭ ਤੋਂ ਵੱਧ ਮੋਟਾਪੇ ਦੇ ਸਫਲ ਅਪ੍ਰੇਸ਼ਨਾਂ ਕਰਕੇ ਸਰਬੋਤਮ ਹਸਪਤਾਲ ਦਾ ਖਿਤਾਬ ਤਾਂ ਕਾਫੀ ਸਮਾਂ ਪਹਿਲਾਂ ਮਿਲ ਚੁਕਿਆ ਸੀ। ਇਸ ਹਸਪਤਾਲ ਦੇ ਡਾਕਟਰ ਕੁਲਦੀਪਕ ਸਿੰਘ ਕੁਲਾਰ ਨੂੰ ਯੂਰਪੀਅਨ ਦੇਸ਼ਾਂ ਦੀ ਸਾਂਝੀ ਮੋਟਾਪਾ ਸੰਸਥਾ ਨੇ ਸਰਜਨਜ਼ ਆਫ਼ ਐਕਸੀਲੈਂਸ ਦਾ ਖ਼ਿਤਾਬ ਵੀ ਦਿੱਤਾ ਹੋਇਆ ਹੈ ਜੋ ਭਾਰਤ ਦੇ ਪਹਿਲੇ ਮੋਟਾਪਾ ਬੈਰੀਐਟਿਕ ਸਰਜਨ ਬਣੇ ਹੋਏ ਹਨ। ਕੁਲਾਰ ਹਸਪਤਾਲ ਦੀਆਂ ਵਡਮੁੱਲੀਆਂ ਸੇਵਾਵਾਂ ਬਦਲੇ ਉਨ੍ਹਾਂ ਨੂੰ ਅੰਤਰਰਾਸ਼ਟਰੀ ਪੱਧਰ ਉਤੇ ਅਨੇਕਾਂ ਹੀ ਐਵਾਰਡ ਵੀ ਮਿਲ ਚੁੱਕੇ ਹਨ। ਇਸ ਹਸਪਤਾਲ ਦੇ ਅਧੀਨ ਕੁਲਾਰ ਕਾਲਜ ਆਫ ਨਰਸਿੰਗ ਬੀਜਾ ਵੀ ਲੜਕੀਆਂ ਨੂੰ ਨਰਸਿੰਗ ਦਾ ਕੋਰਸ ਕਰਵਾ ਕੇ ਉਨ੍ਹਾਂ ਦੇ ਭਵਿੱਖ ਨੂੰ ਉਜਵਲ ਬਣਾ ਰਹੇ ਹਨ।ਅਰਥੋ ਵਿਭਾਗ ਦੇ ਮੁਖੀ ਗੋਡੇ ਚੂਲਿਆਂ ਦੇ ਮਹਾਰ ਸਰਜਨ ਡਾਕਟਰ ਦੀਪਕ ਮਹਿਤਾ , ਦੂਰਬੀਨ ਸਰਜਰੀ ਦੇ ਅਪ੍ਰੇਸ਼ਨਾਂ ਦੇ ਡਾਕਟਰ ਨਵੀਨ ਮਨਚੰਦਾ , ਬੇ ਔਲਾਦ ਜੋੜੇ ਤੇ ਟੈਸਟ ਟਿਊਬ ਬੇਬੀ ਦੇ ਮਾਹਰ ਸਰਜਨ ਡਾਕਟਰ ਨਵਨੀਤ ਕੌਰ ਆਦਿ ਡਾਕਟਰਾਂ ਦੀ ਟੀਮ ਸੂਬੇ ਤੇ ਵਿਦੇਸ਼ਾਂ ਦੇ ਮਰੀਜਾਂ ਨੂੰ ਉਚਤਮ ਇਲਾਜ ਦੀਆਂ ਸਹੂਲਤਾਂ ਦੇ ਰਹੇ ਹਨ ਜਿਸ ਕਰਕੇ ਅੱਜ ਹਰ ਪਾਸੇ ਬੀਜੇ ਦੇ ਕੁਲਾਰ ਹਸਪਤਾਲ ਤੇ ਹਰ ਕੋਈ ਫਖਰ ਮਹਿਸੂਸ ਕਰ ਰਿਹਾ ਹੈ।

# ਕਿਸਾਨ ਮਜਦੂਰ ਸੰਘਰਸ਼ ਕਮੇਟੀ ਪੰਜਾਬ ਜੋਨ ਨਡਾਲਾ ਦੀ ਹੋਈ ਮੀਟਿੰਗ

**ਨਡਾਲਾ /ਡਾ. ਧਰਮਪਾਲ ਸ਼ਾਰਦਾ**

ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜੋਨ ਨਡਾਲਾ ਦੀ ਮੀਟਿੰਗ ਅੱਜ ਬਾਉਲੀ ਸਾਹਿਬ ਨਡਾਲਾ ਜੋਨ ਪ੍ਰਧਾਨ ਨਿਸ਼ਾਨ ਸਿੰਘ ,ਜੋਨ ਸਕੱਤਰ ਬਲਦੇਵ ਸਿੰਘ,ਜੋਨ ਖਜਾਨਚੀ ਬਲਵਿੰਦਰ ਸਿੰਘ ਦੀ ਅਗਵਾਈ ਵਿੱਚ ਹੋਈ। ਇਸ ਮੌਕੇ ਤੇ ਸੂਬਾ ਆਗੂ ਸਤਨਾਮ ਸਿੰਘ ਪੰਨੂੰ, ਜਿਲ੍ਹਾ ਪ੍ਰਧਾਨ ਸਰਵਣ ਸਿੰਘ ਬਾਊਪੁਰ ਵਿਸ਼ੇਸ਼ ਤੌਰ ਉੱਤੇ ਪਹੁੰਚੇ।



ਇਸ ਮੌਕੇ ਜਥੇਬੰਦੀ ਦੇ ਬੁਲਾਰਿਆਂ ਵੱਲੋਂ ਆਪਣੇ ਵਿਚਾਰ ਸਾਂਝੇ ਕੀਤੇ ਗਏ ਤੇ ਇਲਾਕੇ ਭਰ ਦੇ ਭੱਖਦੇ ਮੁੱਦਿਆਂ ਸਬੰਧੀ ਲੰਬੀ ਵਿਚਾਰ ਚਰਚਾ ਵੀ ਕੀਤੀ ਗਈ। ਜਿਨਾਂ ਵਿੱਚ ਹਲਕੇ ਭੁਲੱਥ ਦੀਆਂ ਤਹਿਸੀਲਾਂ , ਬਿਜਲੀ ਵਿਭਾਗ ਤੇ ਸਰਕਾਰੀ ਅਦਾਰੇ ਜਿਨਾਂ ਵਿੱਚ ਕੰਮ ਕਰਾਉਣ ਤੇ ਰਿਸ਼ਵਤ ਦੀ ਮੰਗ ਕੀਤੀ ਜਾਂਦੀ ਹੈ ਉਹਨਾਂ ਸਬੰਧੀ ਵੀ ਮਤਾ ਪਾਸ ਕੀਤਾ ਗਿਆ ਜੇਕਰ ਕਿਸੇ ਵੱਲੋਂ ਰਿਸ਼ਵਤ ਲਈ ਗਈ ਤੇ ਉਸਦਾ ਘਰਾਓ ਕੀਤਾ ਜਾਵੇਗਾ । ਇਸ ਤੋਂ ਇਲਾਵਾ ਬੀਬੀਆਂ ਦੀਆਂ ਵੱਡੇ ਪੱਧਰ ਤੇ ਕਮੇਟੀਆਂ ਤੇ ਹੋਰ ਨਵੇ ਪਿੰਡਾ ਦੀਆ ਇਕਾਈਆ ਦਾ ਗਠਨ ਕੀਤਾ ਜਾਵੇਗਾ। ਜਿਸ ਨਾਲ ਜਥੇਬੰਦੀ ਢਾਂਚਾ ਹੋਰ ਵੀ ਮੌਜੂਦ ਹੋਵੇਗਾ। ਇਸ ਦੇ ਨਾਲ ਹੀ ਜੋ ਭਾਰਤ ਮਾਲਾ ਪ੍ਰੋਜੈਕਟ ਤਹਿਤ ਕਿਸਾਨਾਂ ਦੀਆਂ ਬਿਨਾਂ ਮੁਆਵਜੇ ਤੋਂ ਜਮੀਨਾਂ ਤੇ ਕਬਜ਼ੇ ਕੀਤੇ ਜਾ ਰਹੇ ਹਨ ਉਹਨਾਂ ਦਾ ਜਥੇਬੰਦੀ ਵੱਲੋਂ ਵੱਡੇ ਪੱਧਰ ਤੇ ਵਿਰੋਧ ਜਾਰੀ ਰਹੇਗਾ ਤੇ ਨਾਲ ਹੀ ਪੰਜਾਬ ਸਰਕਾਰ ਵੱਲੋਂ ਆਬਾਦਕਾਰਾਂ ਦੀਆਂ ਜਮੀਨਾਂ ਖੋਹੀਆਂ ਜਾ ਰਹੀਆਂ ਹਨ ਉਸ ਦਾ ਵੀ ਜਥੇਬੰਦੀ ਵਿਰੋਧ ਕਰਦੀ ਹੈ। ਇਸ ਤੋਂ ਇਲਾਵਾ ਪੰਜਾਬ ਭਰ ਦੇ ਨਹਿਰੀ ਦਰਿਆਈ ਤੇ ਧਰਤੀ ਹੇਠਲੇ ਪਾਣੀਆਂ ਨੂੰ ਕਾਰਪੋਰੇਟ ਘਰਾਣਿਆਂ ਵੱਲੋਂ ਕੈਮੀਕਲ ਪਾਕੇ ਗੰਦਲਾ ਕੀਤਾ ਜਾ ਰਿਹਾ ਹੈ, ਇਸ ਦਾ ਵੀ ਵਿਰੋਧ ਕੀਤਾ ਜਾਵੇਗਾ। ਇਲਾਕੇ ਵਿੱਚ ਜਗਤਜੀਤ ਸ਼ਰਾਬ ਫੈਕਟਰੀ ਹਮੀਰਾ ਵੱਲੋਂ ਇਲਾਕੇ ਦੇ ਸਾਰੇ ਪਿੰਡਾਂ ਦਾ ਪਾਣੀ ਗੰਦਲਾ ਕਰ ਦਿੱਤਾ ਗਿਆ ਹੈ ,ਜਿਸ ਨਾਲ ਲੋਕ ਕੈਂਸਰ ਵਰਗੀਆ ਬਿਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ ।ਆਉਣ ਵਾਲੇ ਦਿਨਾਂ ਵਿੱਚ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਇਲਾਕੇ ਦੇ ਸੈਂਕੜੇ ਪਿੰਡਾਂ ਦਾ ਇਕੱਠ ਕਰਕੇ ਇਸ ਫੈਕਟਰੀ ਦਾ ਵਿਰੋਧ ਕਰੇਗੀ।

ਆਗੂਆਂ ਨੇ ਕਿਹਾ ਕਿ ਸਰਕਾਰ ਹਰ ਜਗ੍ਹਾ ਤੇ ਫੇਲ ਸਾਬਤ ਹੋ ਰਹੀ ਹੈ ਤੇ ਦਿੱਲੀ ਦੇ ਹਕੂਮਤ ਦਾ ਹੁਕਮ ਮੰਨ ਰਹੀ ਹੈ। ਜੇਕਰ ਸਰਕਾਰ ਵਲੋਂ ਕਿਸਾਨਾਂ ਮਜਦੂਰਾਂ ਵਿਰੁੱਧ ਇਸੇ ਤਰ੍ਹਾਂ ਤੰਗ ਪਰੇਸ਼ਾਨ ਕਰੇਗੀ ਤਾਂ ਆਉਣ ਵਾਲੇ ਦਿਨਾਂ ਵਿੱਚ ਸਰਕਾਰ ਨੂੰ ਮੂੰਹ ਤੋੜ ਜਵਾਬ ਦਿੱਤਾ ਜਾਵੇਗਾ।

ਇਸ ਮੌਕੇ ਜਿਲਾ ਸੀਨੀ ਮੀਤ ਪ੍ਰਧਾਨ ਨਿਰਮਲ ਕੌਰ, ਰੁਪਿੰਦਰ ਕੌਰ, ਜਸਵੀਰ ਕੌਰ, ਜੋਨ ਮੈਂਬਰ ਰਣਜੀਤ ਸਿੰਘ, ਸਕੱਤਰ ਕਮਲਜੀਤ ਸਿੰਘ, ਸਹਾ, ਪ੍ਰੈਸ ਸਕੱਤਰ ਗੁਰਵਿੰਦਰ ਸਿੰਘ, ਪ੍ਰਧਾਨ ਕੁਲਵੰਤ ਸਿੰਘ, ਪ੍ਰਧਾਨ ਜਰਨੈਲ ਸਿੰਘ, ਪ੍ਰਧਾਨ ਸਵਰਨ ਸਿੰਘ, ਪ੍ਰਧਾਨ ਸਮਸ਼ੇਰ ਸਿੰਘ, ਪ੍ਰਧਾਨ ਕੁਲਦੀਪ ਸਿੰਘ, ਪ੍ਰਧਾਨ ਮਲਕੀਤ ਸਿੰਘ,ਪ੍ਰਧਾਨ ਬੂੜ ਸਿੰਘ, ਸਵਰਨ ਸਿੰਘ, ਜਰਨੈਲ ਸਿੰਘ, ਜਗੀਰ ਸਿੰਘ, ਕਸ਼ਮੀਰ ਸਿੰਘ, ਬਲਦੇਵ ਸਿੰਘ, ਦਰਸ਼ਨ ਸਿੰਘ, ਰਾਜੂ, ਹਰਜੀਤ ਸਿੰਘ,ਮੰਗਤ ਸਿੰਘ, ਜੋਗਿੰਦਰ ਸਿੰਘ,ਗਗਨਪ੍ਰੀਤ ਸਿੰਘ, ਰਾਜਵਿੰਦਰ ਸਿੰਘ, ਬਲਵਿੰਦਰ ਸਿੰਘ, ਗੁਰਭੇਜ ਸਿੰਘ, ਸਤਨਾਮ ਸਿੰਘ, ਹਰਨੇਕ ਸਿੰਘ ਪ੍ਰੈਸ ਸਕੱਤਰ ਗੱਗੀ ਹਮੀਰਾ ਸਮੇਤ ਵੱਡੀ ਗਿਣਤੀ ਵਿੱਚ ਕਿਸਾਨ ਮਜਦੂਰ ਹਾਜ਼ਰ ਸਨ।

# ਵਾਹਿਗੁਰੂ ਤੇਰਾ ਹੀ ਤੇਰਾ ਸੁਸਾਇਟੀ ਨੇ ਸਕੂਲ ਦੇ ਬਾਹਰ ਵਾਟਰ ਕੂਲਰ ਲਗਵਾਇਆ



**ਨਡਾਲਾ /ਡਾਕਟਰ ਧਰਮਪਾਲ ਸ਼ਾਰਦਾ**

ਆਪਣੇ ਸਮਾਜ ਸੇਵੀ ਕੰਮਾਂ ਨੂੰ ਅੱਗੇ ਤੋਰਦਿਆਂ ਨਡਾਲਾ ਦੀ ਵਾਹਿਗੁਰੂ ਤੇਰਾ ਹੀ ਤੇਰਾ ਸੁਸਾਇਟੀ ਨੇ ਨਡਾਲਾ ਦੇ ਸਰਕਾਰੀ ਸਕੂਲ ਦੇ ਬਾਹਰ ਰਾਹਗੀਰਾਂ ਤੇ ਸਵੇਰੇ - ਸ਼ਾਮ ਗਰਾਂਊਡ ਚ ਪ੍ਰੈਕਟਿਸ ਕਰਦੇ ਬੱਚਿਆਂ ਦੀ ਸਹੂਲਤ ਲਈ ਠੰਡੇ ਪਾਣੀ ਵਾਲਾ ਵਾਟਰ ਕੂਲਰ ਲਗਵਾਇਆ ਗਿਆ। ਇਸ ਮੌਕੇ ਸੁਸਾਇਟੀ ਦਾ ਧੰਨਵਾਦ ਕਰਦਿਆਂ ਕੋਚ ਨਵਜਿੰਦਰ ਸਿੰਘ ਬੱਗਾ ਨੇ ਆਖਿਆ ਕਿ ਪ੍ਰੈਕਟਿਸ ਕਰਦੇ ਬੱਚਿਆਂ ਨੂੰ ਪਾਣੀ ਪੀਣ ਲਈ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ ਇਸ ਵਾਟਰ ਕੂਲਰ ਲੱਗਣ ਨਾਲ ਉਨਾ ਨੂੰ ਕਾਫੀ ਸਹੂਲਤ ਮਿਲੇਗੀ। ਇਸ ਦੌਰਾਨ ਮੌਕੇ ਤੇ ਪੁੱਜੇ ਸਮਾਜ ਸੇਵੀ ਮਾਸਟਰ ਬਲਦੇਵ ਰਾਜ ਨੇ ਸੁਸਾਇਟੀ ਦੇ ਉਪਰਾਲੇ ਦੀ ਸ਼ਲਾਘਾ ਕਰਦਿਆ ਇਕ ਵਾਟਰ ਕੂਲਰ ਆਪਣੇ ਵੱਲੋਂ ਕਿਸੇ ਲੋੜਵੰਦ ਜਗਾ ਤੇ ਲਗਾਉਣ ਲਈ ਸੁਸਾਇਟੀ ਨੂੰ ਭੇਟ ਕਰਨਗੇ। ਇਸ ਮੌਕੇ ਜਸਵਿੰਦਰ ਸਿੰਘ ਟਹਿਣੀ ਯੂਐਸਏ, ਮਾਸਟਰ ਬਲਦੇਵ ਰਾਜ, ਗੁਰਪਿੰਦਰ ਸਿੰਘ ਸੋਨੂ, ਇੰਦਰਜੀਤ ਸਿੰਘ ਖੱਖ, ਹਰਪਾਲ ਸਿੰਘ ਘੁੰਮਣ, ਨਵਜਿੰਦਰ ਸਿੰਘ ਬੱਗਾ ਕੋਚ, ਸੁਖਵਿੰਦਰ ਸਿੰਘ ਭਿੰਡਰ, ਸੁੱਖਾ ਰਾਣਾ, ਮੋਨੂੰ ਨਡਾਲਾ, ਵਿੱਕੀ ਨਡਾਲਾ, ਮਨੂੰ ਨਡਾਲਾ, ਜੀਤਾ , ਨਵਦੀਪ ਸਿੰਘ ਐਂਡੀ, ਰਾਜ ਹੰਸ ਅਤੇ ਹੋਰ ਹਾਜ਼ਰ ਸਨ ।

# ਕੁਲਾਰ ਕਾਲਜ ਆਫ ਨਰਸਿੰਗ ਵਿਖੇ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਮੌਕੇ ਛਬੀਲ

**ਬੀਜਾਂ, ਲਾਲ ਸਿੰਘ ਮਾਂਗਟ**

ਅੰਤਰਰਾਸ਼ਟਰੀ ਪੱਧਰ ਉੱਤੇ ਮੈਡੀਕਲ ਸਿੱਖਿਆ ਖੇਤਰ ਵਿੱਚ ਚੰਗਾ ਰੁਤਬਾ ਹਾਸਿਲ ਕਰਨ ਵਾਲੀ ਸੂਬੇ ਦੀ ਨਾਮਵਰ ਸੰਸਥਾ ਕੁਲਾਰ ਕਾਲਜ ਆਫ਼ ਨਰਸਿੰਗ ਕਿਸ਼ਨਗੜ੍ਹ, ਬੀਜਾ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੂੰ ਸਮਰਪਿਤ ਵਿਦਿਆਰਥਣਾਂ ਵੱਲੋ ਕਾਲਜ ਦੇ ਵਿੱਚ ਠੰਡੇ ਮਿੱਠੇ ਪਾਣੀ ਦੀ ਛਬੀਲ ਲਗਾਈ ਗਈ। ਕੁਲਾਰ ਸੰਸਥਾਵਾਂ ਦੇ ਚੇਅਰਮੈਨ ਪ੍ਰੋ. ਗੁਰਬਖਸ਼ ਸਿੰਘ ਬੀਜਾ ਅਤੇ ਮੈਨੇਜਿੰਗ ਡਾਇਰੈਕਟਰ ਮੋਟਾਪਾ ਸਰਜਨ ਡਾ. ਕੁਲਦੀਪਕ ਸਿੰਘ ਕੁਲਾਰ ਇਸ ਦਿਨ ਵਿਸ਼ੇਸ਼ ਤੌਰ ਤੇਪੁੱਜੇ। ਇਸ ਮੌਕੇ ਡਾਇਰੈਕਟਰ ਪ੍ਰੋਫੈਸਰ ਰੁਪਿੰਦਰ ਸਿੰਘ ਬੈਨੀਪਾਲ,ਕਾਲਜ ਦੇ ਪ੍ਰਿੰਸੀਪਲ ਪ੍ਰੋਫੈਸਰ ਸੀਮਾ ਬਰਨਵਸ, ਵਾਇਸ ਪ੍ਰਿੰਸੀਪਲ ਪ੍ਰੋ. ਅਰਪਨ, ਸਮੂਹ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ। ਕਾਲਜ ਦੀ ਪ੍ਰਿੰਸੀਪਲ ਨੇ ਵਿਦਿਆਰਥੀਆਂ ਨੂੰ ਗੁਰੂ 'ਅਰਜਨ ਦੇਵ ਜੀ ਦੁਆਰਾ ਦਿੱਤੇ ਉਪਦੇਸ਼ ਉਪਰ ਚੱਲਣ ਲਈ ਪ੍ਰੇਰਿਤ ਕੀਤਾ।



# ਨਸੀਬ ਸ਼ਰਮਾ ਜਿਲ੍ਹਾ ਸ਼ੋਸ਼ਲ ਮੀਡੀਆ ਕੋ - ਇੰਚਾਰਜ ਨਿਯੁਕਤ



**ਨਡਾਲਾ/ਡਾ.ਧਰਮਪਾਲ ਸ਼ਾਰਦਾ**

ਕਾਂਗਰਸ ਹਾਈ ਕਮਾਂਡ ਨੇ ਪਿੰਡ ਤਲਵੰਡੀ ਪੁਰਦਲ ਤੋ ਕਾਂਗਰਸੀ ਯੂਥ ਆਗੂ ਨਸੀਬ ਸ਼ਰਮਾ ਨੂੰ ਕਿਸਾਨ ਕਾਂਗਰਸ ਪੰਜਾਬ ਦਾ ਜਿਲ੍ਹਾ ਸੋਸ਼ਲ ਮੀਡੀਆ ਕੋ -ਇੰਚਾਰਜ ਨਿਯੁਕਤ ਕੀਤਾ ਹੈ ਇਹ ਜਿੰਮੇਵਾਰੀ ਮਿਲਣ ਤੇ ਨਸੀਬ ਸ਼ਰਮਾ ਨੇ ਜਿਥੇ ਕਾਂਗਰਸ ਹਾਈ ਕਮਾਂਡ ਦਾ ਧੰਨਵਾਦ ਕੀਤਾ ਉੱਥੇ ਭੁਲੱਥ ਵਿਧਾਇਕ ਸੁਖਪਾਲ ਸਿੰਘ ਖਹਿਰਾ ਦਾ ਵੀ ਧੰਨਵਾਦ ਕੀਤਾ ਤੇ ਆਖਿਆ ਕਿ ਉਹ ਇਸ ਮਿਲੀ ਜਿੰਮੇਵਾਰੀ ਨੂੰ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਉਣਗੇ

# ਸਰਕਾਰੀ ਸੀਨੀ ਸੈਕੰ ਸਕੂਲ ਬੀਜਾ ਦੇ ਸਾਬਕਾ ਮੇਂਬਰ ਜਸਵਿੰਦਰ ਸਿੰਘ ਵਲੋਂ ਬਾਰਵੀਂ ਅਤੇ ਦਸਵੀਂ ਕਲਾਸ ਦੇ ਪਹਿਲੀਆਂ ਤਿੰਨ ਪੁਜੀਸ਼ਨਾਂ ਹਾਸਿਲ ਕਰਨ ਵਾਲੇ ਵਿਦਿਆਰਥੀਆਂ ਨੂੰ ਨਗਦ ਇਨਾਮ



**ਬੀਜਾਂ, ਲਾਲ ਸਿੰਘ ਮਾਂਗਟ**

ਸ. ਜਸਵਿੰਦਰ ਸਿੰਘ ਜੀ ਜੋ ਕਿ ਸਰਕਾਰੀ ਸੀਨੀ ਸੈਕੰ ਸਕੂਲ ਬੀਜਾ ਦੇ ਸਟਾਫ ਮੈਂਬਰ ਰਹਿ ਚੁੱਕੇ ਹਨ, ਉਨ੍ਹਾਂ ਵੱਲੋਂ ਸਕੂਲ ਦੇ ਬਾਰਵੀਂ ਅਤੇ ਦਸਵੀਂ ਕਲਾਸ ਦੇ ਪਹਿਲੀਆਂ ਤਿੰਨ ਪੁਜੀਸ਼ਨਾਂ ਹਾਸਿਲ ਕਰਨ ਵਾਲੇ ਵਿਦਿਆਰਥੀਆਂ ਨੂੰ ਨਗਦ ਇਨਾਮ ਦੇ ਸਨਮਾਨਿਤ ਕੀਤਾ ਗਿਆ। ਉਹਨਾਂ ਵੱਲੋਂ ਪਹਿਲੀ ਪੁਜੀਸ਼ਨ ਲਈ 5100, ਦੂਜੀ ਪੁਜੀਸ਼ਨ ਲਈ 3100 ਅਤੇ ਤੀਸਰੀ ਪੁਜੀਸ਼ਨ ਲਈ 2100 ਰੁਪਏ ਨਗਦ ਦੇਕੇ ਸਾਰੇ ਵਿਦਿਆਰਥੀਆਂ ਦਾ ਹੌਂਸਲਾ ਵਧਾਇਆ ਗਿਆ ਅਤੇ ਵਿਦਿਆਰਥੀਆਂ ਨੂੰ ਅੱਗੇ ਤੋਂ ਵੀ ਹੋਰ ਜਿਆਦਾ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ ਗਿਆ। ਸ. ਜਸਵਿੰਦਰ ਸਿੰਘ ਜੀ ਵੱਲੋਂ ਪਹਿਲਾਂ ਵੀ ਸਕੂਲ ਲਈ ਅਤੇ ਸਕੂਲ ਦੇ ਵਿਦਿਆਰਥੀਆਂ ਲਈ ਸਮੇਂ ਸਮੇਂ ਤੇ ਬਹੁਤ ਹੀ ਸਲਾਘਾਯੋਗ ਕਾਰਜ ਕੀਤੇ ਗਏ ਹਨ। ਇਸ ਮੌਕੇ ਤੇ ਸਕੂਲ ਇੰਚਾਰਜ ਮੈਡਮ ਸ੍ਰੀ ਮਤੀ ਸੁਭਾਗ ਦੇਵੀ ਜੀ ਅਤੇ ਸਾਰੇ ਹੀ ਸਟਾਫ ਮੈਂਬਰ ਸਹਿਬਾਨ ਵੱਲੋਂ ਸ. ਜਸਵਿੰਦਰ ਸਿੰਘ ਜੀ ਦਾ ਬਹੁਤ ਬਹੁਤ ਧੰਨਵਾਦ ਕੀਤਾ ਗਿਆ ਤੇ ਅੱਗੇ ਤੋਂ ਵੀ ਉਨ੍ਹਾਂ ਵੱਲੋਂ ਅਜਿਹੇ ਕਾਰਜ ਕਰਦੇ ਰਹਿਣ ਲਈ ਉਨ੍ਹਾਂ ਨੂੰ ਬੇਨਤੀ ਕੀਤੀ।

# ਪੇਜ਼ ਇੱਕ ਦਾ ਬਾਕੀ

**ਬੈਂਗਲੂਰੂ....**

ਮਚ ਗਈ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਇਸ ਮਾਮਲੇ ਨੂੰ ਨਕਾਰਾਤਮਕ ਰਵੱਈਏ ਨਾਲ ਨਹੀਂ ਦੇਖਣਾ ਚਾਹੁੰਦੀ। ਦੋਸ਼ ਲਗਾਉਣਾ ਸਹੀ ਨਹੀਂ ਹੈ। ਸਾਡਾ ਉਦੇਸ਼ ਇਹ ਜਾਣਨਾ ਹੈ ਕਿ ਕੀ ਗਲਤ ਹੋਇਆ ਅਤੇ ਇਹ ਯਕੀਨੀ ਬਣਾਉਣਾ ਹੈ ਕਿ ਅਜਿਹੀ ਤ੍ਰਾਸਦੀ ਦੁਬਾਰਾ ਨਾ ਵਾਪਰੇ।

SOP ਦੀ ਪਾਲਣਾ ਕਰਨੀ ਸੀ: ਹਾਈ ਕੋਰਟ

ਜਸ਼ਨਾਂ ਦੌਰਾਨ ਸੁਰੱਖਿਆ ਕਰਮਚਾਰੀਆਂ ਦੀ ਤਾਇਨਾਤੀ ਦੇ ਸੰਬੰਧ ਵਿੱਚ, ਉਨ੍ਹਾਂ ਕਿਹਾ ਕਿ ਸਟੇਡੀਅਮ ਦੇ ਬਾਹਰ ਸਥਿਤੀ ਬੇਕਾਬੂ ਹੋ ਗਈ ਸੀ। ਸਟੇਡੀਅਮ ਦੇ ਅੰਦਰ ਅਤੇ ਆਲੇ-ਦੁਆਲੇ 2.5 ਲੱਖ ਤੋਂ ਵੱਧ ਲੋਕ ਇਕੱਠੇ ਹੋਏ ਸਨ। ਜਦੋਂ ਕਿ ਸਟੇਡੀਅਮ ਦੀ ਸਮਰੱਥਾ ਲਗਭਗ 30 ਹਜ਼ਾਰ ਹੈ। ਲੋਕਾਂ ਨੂੰ ਸਟੇਡੀਅਮ ਦੇ ਅੰਦਰ ਭਾਰੀ ਭੀੜ ਦਾ ਅੰਦਾਜ਼ਾ ਨਹੀਂ ਸੀ। ਇਸ 'ਤੇ ਬੈਂਚ ਨੇ ਕਿਹਾ ਕਿ ਵੱਡੇ ਜਨਤਕ ਸਮਾਗਮਾਂ ਲਈ SOP ਦੀ ਪਾਲਣਾ ਕੀਤੀ ਜਾਣੀ ਚਾਹੀਦੀ ਸੀ।

**ਆਜਾਦ ...**

ਸਤਿਕਾਰ ਦਿੱਤਾ ਜਾਵੇਗਾ।

ਸਿੱਖਿਆ ਪ੍ਰਣਾਲੀ ਵਿੱਚ ਸੁਧਾਰ 'ਤੇ ਜ਼ੋਰ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਇਸ ਸਾਲ ਪੰਜਾਬ ਦੇ ਸਰਕਾਰੀ ਸਕੂਲਾਂ ਦੇ 44 ਵਿਦਿਆਰਥੀਆਂ ਨੇ ਜੇਈਈ ਐਡਵਾਂਸਡ ਦਾ ਪੇਪਰ ਪਾਸ ਕੀਤਾ ਹੈ। ਹੁਣ ਉਨ੍ਹਾਂ ਨੂੰ ਦੇਸ਼ ਦੇ ਸਭ ਤੋਂ ਵੱਕਾਰੀ ਇੰਜੀਨੀਅਰਿੰਗ ਸੰਸਥਾ, ਆਈਆਈਟੀ ਵਿੱਚ ਦਾਖਲਾ ਮਿਲੇਗਾ। ਅਸੀਂ ਅੱਜ ਉਨ੍ਹਾਂ ਨੂੰ ਸਨਮਾਨਿਤ ਕੀਤਾ ਹੈ। ਉਨ੍ਹਾਂ ਨੇ ਕੋਚਿੰਗ 'ਤੇ ਕੋਈ ਪੈਸਾ ਖ਼ਰਚ ਨਹੀਂ ਕੀਤਾ। ਸਾਰਿਆਂ ਨੂੰ ਮੁਫ਼ਤ ਕੋਚਿੰਗ ਅਤੇ ਹੋਰ ਸਹੂਲਤਾਂ ਦਿੱਤੀਆਂ ਗਈਆਂ।

ਕਾਂਗਰਸ ਦੀ ਆਪਸੀ ਲੜਾਈ ਖਤਮ ਨਹੀਂ ਹੋ ਰਹੀ ਅਤੇ ਭਾਜਪਾ ਮੈਦਾਨ ਛੱਡ ਕੇ ਭੱਜ ਗਈ - ਮਾਨ

ਕਾਂਗਰਸ ਪਾਰਟੀ 'ਤੇ ਨਿਸ਼ਾਨਾ ਸਾਧਦੇ ਹੋਏ, ਮਾਨ ਨੇ ਕਿਹਾ ਕਿ ਉਨ੍ਹਾਂ ਦੇ ਆਪਸੀ ਝਗੜੇ ਕਦੇ ਖਤਮ ਨਹੀਂ ਹੁੰਦੇ। ਜਦੋਂ ਕਿ ਭਾਜਪਾ ਮੈਦਾਨ ਛੱਡ ਕੇ ਭੱਜ ਗਈ। ਹੁਣ ਉਹ ਕਹਿਣ ਲੱਗ ਪਏ ਹਨ ਕਿ ਜੇ ਤੁਸੀਂ ਸਾਨੂੰ ਵੋਟ ਨਹੀਂ ਪਾਉਣੀ ਤਾਂ ਨਾ ਪਾਓ ਪਰ ਆਮ ਆਦਮੀ ਪਾਰਟੀ ਨੂੰ ਵੋਟ ਨਾ ਪਾਓ।

ਉਨ੍ਹਾਂ ਕਿਹਾ ਕਿ ਲੋਕਾਂ ਨੇ ਪਿਛਲੀ ਵਾਰ ਵੀ ਹੰਕਾਰ ਨੂੰ ਹਰਾਇਆ ਸੀ ਅਤੇ ਇਸ ਵਾਰ ਵੀ ਹੰਕਾਰ ਨੂੰ ਹਰਾਉਣਗੇ।

ਭਾਜਪਾ ਵੱਲੋਂ ਸਿੰਦੂਰ ਵੰਡਣ 'ਤੇ ਮਾਨ ਨੇ ਕਿਹਾ ਕਿ ਇਸ ਤਰ੍ਹਾਂ ਦੀ ਰਾਜਨੀਤੀ ਨਹੀਂ ਕਰਨੀ ਚਾਹੀਦੀ। ਮੈਂ ਫ਼ੌਜ ਦਾ ਸਤਿਕਾਰ ਅਤੇ ਸਲਾਮ ਕਰਦਾ ਹਾਂ, ਪਰ ਫ਼ੌਜ ਦਾ ਰਾਜਨੀਤੀਕਰਨ ਨਹੀਂ ਹੋਣਾ ਚਾਹੀਦਾ। ਉਨ੍ਹਾਂ ਪੁੱਛਿਆ, ਕੀ ਤੁਸੀਂ ਕਦੇ ਕਿਸੇ ਪ੍ਰਧਾਨ ਮੰਤਰੀ ਨੂੰ ਫ਼ੌਜੀ ਵਰਦੀ ਵਿੱਚ ਦੇਖਿਆ ਹੈ? ਮੌਜੂਦਾ ਪ੍ਰਧਾਨ ਮੰਤਰੀ ਸਿਆਸੀ ਲਾਭ ਲਈ ਫ਼ੌਜ ਦੀ ਵਰਦੀ ਦੀ ਵਰਤੋਂ ਕਰ ਰਹੇ ਹਨ।

**2027 ...**

ਨੇ ਕਿਹਾ ਕਿ ਲੁਧਿਆਣਾ ਪੱਛਮੀ ਜ਼ਿਮਨੀ ਚੋਣਾਂ ਦੀ ਸਟਾਰ ਪ੍ਰਚਾਰਕਾਂ ਦੀ ਸੂਚੀ ਵਿੱਚ ਨਵਜੋਤ ਸਿੰਘ ਸਿੱਧੂ ਦਾ ਨਾਮ ਸੂਚੀ ਵਿੱਚੋਂ ਨਹੀਂ ਹਟਾਇਆ ਗਿਆ ਹੈ। ਉਨ੍ਹਾਂ ਨੇ ਆਈਪੀਐਲ ਸਮਝੌਤੇ 'ਤੇ ਦਸਤਖ਼ਤ ਕੀਤੇ ਸਨ ਪਰ ਉਹ ਜ਼ਰੂਰ ਚੋਣ ਪ੍ਰਚਾਰ ਕਰਨ ਜਾਣਗੇ। ਉਨ੍ਹਾਂ ਨੇ ਇਹ ਵੀ ਰਣਨੀਤੀ ਤਿਆਰ ਕੀਤੀ ਹੈ ਕਿ ਉਹ ਕਦੋਂ ਅਤੇ ਕਿਸ ਗਲੀ ਵਿੱਚ ਪ੍ਰਚਾਰ ਕਰਨਗੇ।

ਉਨ੍ਹਾਂ ਕਿਹਾ ਕਿ ਜਦੋਂ ਤੱਕ ਸਰਕਾਰ ਵੱਡੇ ਮਗਰਮੱਛਾਂ ਨੂੰ ਨਹੀਂ ਫੜਦੀ, ਉਦੋਂ ਤੱਕ ਇਹ ਨਸ਼ਿਆਂ ਦੀ ਦੁਰਵਰਤੋਂ ਖਤਮ ਨਹੀਂ ਹੋਵੇਗੀ। ਉਨ੍ਹਾਂ ਕਿਹਾ ਕਿ ਛੋਟੇ ਲੋਕਾਂ ਨੂੰ ਫੜ ਕੇ ਨਸ਼ਿਆਂ ਦੀ ਦੁਰਵਰਤੋਂ ਖਤਮ ਨਹੀਂ ਹੋ ਸਕਦੀ। ਨਵਜੋਤ ਕੌਰ ਸਿੱਧੂ ਨੇ ਕਿਹਾ ਕਿ ਜੇਕਰ ਪੰਜਾਬ ਨਾਲ ਲੱਗਦੀਆਂ ਸਰਹੱਦਾਂ ਸੀਲ ਕਰ ਦਿੱਤੀਆਂ ਜਾਣ ਤਾਂ ਹੀ ਕੁਝ ਹੋ ਸਕਦਾ ਹੈ।

**ਕੈਨੇਡਾ ...**

ਸਰਕਾਰ ਨੂੰ ਜਬਰੀ ਵਸੂਲੀ ਅਤੇ ਨਿਸ਼ਾਨਾ ਹਿੰਸਾ ਨੂੰ ਰੋਕਣ ਵਿੱਚ ਅਸਫਲ ਰਹਿਣ ਲਈ ਜ਼ਿੰਮੇਵਾਰ ਠਹਿਰਾਇਆ ਹੈ। ਉਸਨੇ ਆਪਣੇ ਪਿਤਾ ਦੇ ਕਤਲ ਤੋਂ ਇੱਕ ਦਿਨ ਬਾਅਦ ਜਾਰੀ ਕੀਤੇ ਇੱਕ ਬਿਆਨ ਵਿੱਚ ਕਿਹਾ, 'ਧਮਕੀਆਂ ਵੱਧਦੀਆਂ ਜਾਣ ਦੇ ਬਾਵਜੂਦ ਬੇਕਸੂਰ ਲੋਕਾਂ ਨੂੰ ਬੇਸਹਾਰਾ ਕਿਉਂ ਛੱਡ ਦਿੱਤਾ ਜਾਂਦਾ ਹੈ? ਜਦੋਂ ਅਧਿਕਾਰੀ ਸਾਡੀ ਰੱਖਿਆ ਕਰਨ ਵਿੱਚ ਅਸਫਲ ਰਹਿੰਦੇ ਹਨ, ਤਾਂ ਸਾਡੇ ਕੋਲ ਕੀ ਵਿਕਲਪ ਹਨ?'

ਦੱਸ ਦਈਏ ਕਿ 14 ਮਈ ਨੂੰ, ਢੱਡਾ ਦਾ ਸ਼ੱਕੀ ਵਿਅਕਤੀਆਂ ਨੂੰ ਸੰਪਰਕ ਕੀਤਾ ਗਿਆ ਅਤੇ ਮਿਸੀਸਾਗਾ ਵਿੱਚ ਟ੍ਰੈਨਮੇਰ ਡਰਾਈਵ ਅਤੇ ਟੈਲਫੋਰਡ ਵੇਅ ਦੇ ਨੇੜੇ ਇੱਕ ਪਾਰਕਿੰਗ ਏਰੀਆ ਵਿੱਚ ਕਈ ਵਾਰ ਗੋਲੀ ਮਾਰ ਦਿੱਤੀ ਗਈ। ਪੀੜਤ ਨੇ ਬਾਅਦ ਵਿੱਚ ਇੱਕ ਸਥਾਨਕ ਹਸਪਤਾਲ ਵਿੱਚ ਜ਼ਖ਼ਮਾਂ ਦੀ ਤਾਬ ਨਾ ਝੱਲਦਿਆਂ ਦਮ ਤੋੜ ਦਿੱਤਾ।

**ਮੁੱਖ ਮੰਤਰੀ ...**

ਛੱਡਣ ਛੱਡਦਿਆਂ ਆਪਣੀ ਡਿਊਟੀ ਪੂਰੀ ਲਗਨ, ਇਮਾਨਦਾਰੀ ਅਤੇ ਪੇਸ਼ੇਵਰ ਵਚਨਬੱਧਤਾ ਨਾਲ ਨਿਭਾਉਣ ਲਈ ਕਿਹਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਨ੍ਹਾਂ ਨੌਜਵਾਨਾਂ ਦੀ ਭਰਤੀ ਨਾਲ ਪ੍ਰਸ਼ਾਸਨਿਕ ਕੰਮਕਾਜ ਵਿੱਚ ਇੱਕ ਨਵਾਂ ਜੋਸ਼ ਭਰੇਗਾ, ਜਿਸ ਨਾਲ ਦੇਸ਼ ਦੇ ਵਿਕਾਸ ਨੂੰ ਹੁਲਾਰਾ ਮਿਲੇਗਾ।

ਮੁੱਖ ਮੰਤਰੀ ਨੇ ਉਮੀਦ ਪ੍ਰਗਟ ਕੀਤੀ ਕਿ ਇਹ ਨਵ-ਨਿਯੁਕਤ ਅਧਿਕਾਰੀ ਦੇਸ਼ ਨੂੰ ਆਪਣੀ ਸ਼ਾਨ ਦੇ ਸਿਖਰ 'ਤੇ ਲੈ ਜਾਣਗੇ। ਯੂਪੀਐਸਸੀ ਪ੍ਰੀਖਿਆ ਨੂੰ ਸਫਲਤਾਪੂਰਵਕ ਪਾਸ ਕਰਨ ਲਈ ਅਧਿਕਾਰੀਆਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਕਿਹਾ ਕਿ 5 ਲੱਖ ਤੋਂ ਵੱਧ ਉਮੀਦਵਾਰਾਂ ਨੇ ਇਹ ਪ੍ਰੀਖਿਆ ਦਿੱਤੀ ਸੀ, ਜਿਨ੍ਹਾਂ ਵਿੱਚੋਂ 14,627 ਮੇਨਸ ਦੀ ਪ੍ਰੀਖਿਆ ਲਈ ਜਦਕਿ 2845 ਇੰਟਰਵਿਊ ਲਈ ਚੁਣੇ ਗਏ ਸਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅਖੀਰ ਵਿੱਚ 1009 ਉਮੀਦਵਾਰਾਂ ਦੀ ਅਫ਼ਸਰ ਵਜੋਂ ਚੋਣ ਹੋਈ ਹੈ, ਜਿਨ੍ਹਾਂ ਵਿੱਚੋਂ 26 ਸੂਬੇ ਦੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਉਮੀਦਵਾਰਾਂ ਨੂੰ ਉਨ੍ਹਾਂ ਦੀ ਯੋਗਤਾ ਅਤੇ ਮੈਰਿਟ ਦੇ ਆਧਾਰ 'ਤੇ ਚੁਣਿਆ ਗਿਆ ਹੈ ਕਿਉਂਕਿ ਪ੍ਰੀਖਿਆ ਕਰਵਾਉਣ ਤੋਂ ਲੈ ਕੇ ਨਿਯੁਕਤੀਆਂ ਤੱਕ ਦੀ ਸਮੁੱਚੀ ਪ੍ਰਕਿਰਿਆ ਪੂਰੀ ਤਰ੍ਹਾਂ ਸੁਤੰਤਰ, ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਕੀਤੀ ਗਈ ਸੀ।

ਨੌਜਵਾਨ ਅਧਿਕਾਰੀਆਂ ਦੇ ਸ਼ਾਨਦਾਰ ਕਰੀਅਰ ਅਤੇ ਸੁਨਿਹਰੀ ਭਵਿੱਖ ਦੀ ਕਾਮਨਾ ਕਰਦਿਆਂ ਭਗਵੰਤ ਸਿੰਘ ਮਾਨ ਨੇ ਉਨ੍ਹਾਂ ਨੂੰ ਸਰਕਾਰ ਦੀਆਂ ਨੀਤੀਆਂ ਅਤੇ ਪ੍ਰੋਗਰਾਮਾਂ ਨੂੰ ਸਹੀ ਅਰਥਾਂ ਵਿੱਚ ਲਾਗੂ ਕਰਕੇ ਪੂਰੇ ਉਤਸ਼ਾਹ ਅਤੇ ਲਗਨ ਨਾਲ ਸਮਾਜ ਦੀ ਸੇਵਾ ਕਰਨ ਲਈ ਪ੍ਰੇਰਿਆ।

ਉਨ੍ਹਾਂ ਨੇ ਨਵੇਂ ਭਰਤੀ ਹੋਏ ਅਧਿਕਾਰੀਆਂ ਨੂੰ ਨੇੜਲੇ ਭਵਿੱਖ ਵਿੱਚ ਪੂਰੇ ਸਮਰਥਨ ਅਤੇ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਤਾਂ ਜੋ ਉਹ ਵਧੇਰੇ ਕੁਸ਼ਲਤਾ ਨਾਲ ਆਪਣੀ ਡਿਊਟੀ ਨਿਭਾ ਸਕਣ।

ਇਸ ਮੌਕੇ ਮੁੱਖ ਮੰਤਰੀ ਦੇ ਪ੍ਰਮੁੱਖ ਸਕੱਤਰ ਡਾ. ਰਵੀ ਭਗਤ, ਮੁੱਖ ਮੰਤਰੀ ਦੇ ਵਿਸ਼ੇਸ਼ ਪ੍ਰਮੁੱਖ ਸਕੱਤਰ ਕੁਮਾਰ ਅਮਿਤ ਅਤੇ ਹੋਰ ਵੀ ਮੌਜੂਦ ਸਨ।

**ਸੋਹਣ ਸਿੰਘ ...**

ਨੂੰ ਜਦੋਂ ਜਥੇਦਾਰ ਸੰਬੰਧੀ ਸਵਾਲ ਕੀਤਾ ਗਿਆ ਤਾਂ ਉਹਨਾਂ ਕਿਹਾ ਕਿ ਇਹ ਸ਼੍ਰੋਮਣੀ ਕਮੇਟੀ ਦਾ ਹੀ ਮਾਮਲਾ ਹੈ, ਉਹ ਹੀ ਇਸ 'ਤੇ ਬੋਲਣਗੇ। ਉੱਥੇ ਹੀ ਸ਼੍ਰੋਮਣੀ ਅਕਾਲੀ ਦਲ ਦੇ ਇੱਕ ਆਗੂ ਦੇ ਭਾਜਪਾ ਵਿੱਚ ਜਾਣ ਸਬੰਧੀ ਵੀ ਉਹਨਾਂ ਕਿਹਾ ਕਿ ਇਹ ਉਹਨਾਂ ਦੀ ਹੋਬੀ ਸੀ। ਸੁਖਬੀਰ ਬਾਦਲ ਨੇ ਕਿਹਾ ਕਿ ਜੇਕਰ ਸਾਨੂੰ ਕਾਨੂੰਨੀ ਲੜਾਈ ਲੜਨ ਦੀ ਲੋੜ ਪਈ ਤਾਂ ਅਸੀਂ ਲੈਂਡ ਪੁਲਿੰਗ ਦੇ ਖਿਲਾਫ ਕੋਰਟ ਵੀ ਜਾਵਾਂਗੇ।

**ਅੰਮ੍ਰਿਤਸਰ ...**

ਕਥਿਤ ਤਸਕਰ ਰਣਜੀਤ ਉਰਫ਼ ਚੀਤਾ ਦੇ ਗਿਰੋਹ ਨਾਲ ਜੁੜੀ ਹੋਈ ਹੈ ਅਤੇ ਭਾਰਤ ਅਤੇ ਸਰਹੱਦ ਪਾਰ ਦੇ ਤਸਕਰਾਂ ਦੇ ਸੰਪਰਕ ਵਿੱਚ ਸੀ। ਉਨ੍ਹਾਂ ਅੱਗੇ ਕਿਹਾ ਕਿ ਇਸ ਮਾਮਲੇ ਵਿੱਚ ਅਗਲੇਰੇ -ਪਿਛਲੇਰੇ ਸਬੰਧ ਸਥਾਪਤ ਕਰਨ ਲਈ ਹੋਰ ਜਾਂਚ ਜਾਰੀ ਹੈ। ਪੁਲਿਸ ਕਮਿਸ਼ਨਰ (ਸੀਪੀ) ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੇ ਮੀਡੀਆ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਡੀਸੀਪੀ ਸਿਟੀ ਜਗਜੀਤ ਸਿੰਘ ਵਾਲੀਆ, ਏਡੀਸੀਪੀ-2 ਹਰਪਾਲ ਸਿੰਘ, ਏਸੀਪੀ ਪੱਛਮੀ ਸ਼ਿਵਦਰਸ਼ਨ ਸਿੰਘ ਦੀ ਨਿਗਰਾਨੀ ਅਤੇ ਐਸਐਚਓ ਥਾਣਾ, ਛੇਹਰਟਾ ਵਿਨੋਦ ਸ਼ਰਮਾ ਦੀ ਅਗਵਾਈ ਹੇਠ ਇੱਕ ਖੁਫੀਆ ਆਪ੍ਰੇਸ਼ਨ ਤਹਿਤ ਨਸ਼ਾ ਤਸਕਰੀ ਦੇ ਇਨ੍ਹਾਂ ਦੋਵੇਂ ਮਾਡਿਊਲ ਦਾ ਪਰਦਾਫਾਸ਼ ਕੀਤਾ ਗਿਆ।

ਸੀਪੀ ਨੇ ਕਿਹਾ ਕਿ ਗ੍ਰਿਫ਼ਤਾਰ ਮੁਲਜ਼ਮ ਸੈਵਨਬੀਰ ਸਿੰਘ ਪਿਛਲੇ ਪੰਜ ਸਾਲਾਂ ਤੋਂ ਬੱਕਰੀਆਂ ਦੀ ਖ਼ਰੀਦ/ਫ਼ਰੋਖ਼ਤ ਵਾਲੇ ਧੰਦੇ ਦੀ ਆੜ ਵਿੱਚ ਗਿਰੋਹ ਚਲਾ ਰਿਹਾ ਸੀ, ਜਿਸ ਤੋਂ ਉਸਨੇ ਹੋਰ ਜਾਇਦਾਦ ਤੋਂ ਇਲਾਵਾ ਆਪਣੇ ਪਿੰਡ ਵਿੱਚ ਇੱਕ ਵੱਡੀ ਕੋਠੀ ਬਣਾ ਲਈ ਹੈ। ਮੁਲਜ਼ਮ ਆਪਣੇ ਪਿੰਡ ਦੇ ਨੇੜੇ ਡਰੋਨ ਰਾਹੀਂ ਨਸ਼ੀਲੇ ਪਦਾਰਥਾਂ ਦੀ ਖੇਪ ਪ੍ਰਾਪਤ ਕਰਦਾ ਸੀ , ਜੋ ਅੰਤਰਰਾਸ਼ਟਰੀ ਸਰਹੱਦ ਦੇ ਬਹੁਤ ਨੇੜੇ ਹੈ।

ਉਨ੍ਹਾਂ ਕਿਹਾ ਕਿ ਬਰਾਮਦਗੀ ਤੋਂ ਬਾਅਦ ਉਹ ਆਪਣੇ ਰਿਸ਼ਤੇਦਾਰਾਂ ਦੇ ਘਰ ਨਸ਼ੀਲੇ ਪਦਾਰਥਾਂ ਨੂੰ ਛੁਪਾ ਦਿੰਦਾ ਸੀ ਅਤੇ ਬਾਅਦ ਵਿੱਚ ਆਪਣੇ ਸਾਥੀਆਂ ਦੀ ਮਦਦ ਰਾਹੀਂ ਅੱਗੇ ਵੰਡਦਾ ਸੀ।

# ਵਾਤਾਵਰਣ ਦੇ ਬਚਾਉ ਲਈ ਰੁੱਖ ਲਗਾ ਕੇ ਆਪਣਾਂ ਕੀਮਤੀ ਯੋਗਦਾਨ ਪਾਈਏ: ਸਿਵਲ ਸਰਜਨ ਡਾ ਕਿਰਨਦੀਪ ਕੌਰ

**ਅੰਮ੍ਰਿਤਸਰ**

ਸਿਹਤ ਵਿਭਾਗ ਅੰਮ੍ਰਿਤਸਰ ਵਲੋਂ ਵਿਸ਼ਵ ਵਾਤਾਵਰਣ ਦਿਵਸ ਮੌਕੇ ਬੂਟੇ ਲਗਾ ਕੇ ਵਾਤਾਰਣ ਦੀ ਸ਼ੁਧੱਤਾ ਲਈ ਸ਼ੰਦੇਸ਼ ਦਿੱਤਾ। ਇਸ ਅਵਸਰ ਤੇ ਸਿਵਲ ਸਰਜਨ ਡਾ ਕਿਰਨਦੀਪ ਕੌਰ ਨੇ ਦੱਸਿਆ ਕਿ ਪਲਾਸਟਿਕ ਮਿੰਟਾਂ ਲਈ ਲਾਭਦਾਇਕ ਪਰ ਦਹਾਕਿਆਂ ਲਈ ਨੁਕਸਾਨਦੇਹ ਸਾਬਿਤ ਹੁੰਦਾ ਹੈ। ਪਲਾਸਟਿਕ ਦੀਆਂ ਬੋਤਲਾਂ, ਸਟ੍ਰਾਸ, ਕੱਪ-ਪਲੇਟਾਂ ਅਤੇ ਬੈਗ ਲਗਭਗ 20 ਸਾਲਾਂ ਤੱਕ ਵੀ ਨਸ਼ਟ ਨਹੀਂ ਹੁੰਦੇ ਅਤੇ ਇਹਨਾਂ ਦੀ ਵਜਾ ਨਾਲ ਧਰਤੀ ਹੇਠਾਂ ਬਹੁਤ ਹੀ ਹਾਨੀਕਾਰਕ ਰਸਾਇਣ ਉਤਪੰਨ ਹੋ ਜਾਂਦੇ ਹਨ। ਉਹਨਾਂ ਕਿਹਾ ਕਿ ਸਮੇਂ ਦੀ ਲੋੜ ਹੈ ਕਿ ਅਸੀਂ ਅੱਜ ਦੇ ਦਿਨ



ਇਹ ਪ੍ਰਣ ਕਰੀਏ ਕਿ ਪਲਾਸਟਿਕ ਦੀ ਵਰਤੋਂ ਤੋ ਪ੍ਰਹੇਜ ਕਰਦੇ ਹੋਏ, ਵਾਤਾਵਰਣ ਦੇ ਬਚਾਉ ਵਿਚ ਰੁੱਖ ਲਗਾ ਕੇ ਆਪਣਾਂ ਕੀਮਤੀ ਯੋਗਦਾਨ ਪਾਈਏ। ਵਾਤਾਵਰਣ ਨੂੰ ਸ਼ੁੱਧ ਅਤੇ ਸਾਫ ਸੁਥਰਾ ਤੇ ਪ੍ਰਦੂਸ਼ਣ ਰਹਿਤ ਬਣਾਉਣਾਂ ਹਰੇਕ ਇਨਸਾਨ ਦਾ ਫਰਜ ਬਣਦਾ ਹੈ।ਇਸ ਲਈ ਜਿਥੇ ਵੀ ਕੋਈ ਦਰਖੱਤ ਸੁੱਕ ਗਿਆ ਹੋਵੇ ਜਾਂ ਬਿਰਧ ਹੋ ਗਿਆ ਹੋਵੇ ਉਸਦੀ ਜਗ੍ਹਾ ਤੁਰੰਤ ਨਵਾਂ ਬੂਟਾ ਲਗਾਉਣਾਂ ਚਾਹਿਦਾ ਹੈ। ਇਸ ਤੋਂ ਇਲਾਵਾ ਦਰਖਤਾਂ ਦੀ ਬੇਲੋੜੀ ਕਟਾਈ ਤੋਂ ਤੌਬਾ ਕਰਨੀ ਚਾਹਿਦੀ ਹੈ। ਹਰੇਕ ਇਨਸਾਨ ਦਾ ਫਰਜ ਹੈ ਕਿ ਉਹ ਵਧ ਤੋਂ ਵਧ ਬੂਟੇ ਲਗਾ ਕੇ ਵਾਤਾਵਰਣ ਦੀ ਸੁਰੱਖਿਆ ਵਿਚ ਆਪਣਾਂ ਯੋਗਦਾਨ ਪਾਵੇ। ਇਸ ਅਵਸਰ ਤੇ ਜਿਲਾ ਪਰਿਵਾਰ ਭਲਾਈ ਅਫਸਰ ਡਾ ਨੀਲਮ ਭਗਤ, ਜਿਲਾ? ਟੀਕਾਕਰਣ ਅਫਸ਼ਰ ਡਾ ਭਾਰਤੀ ਧਵਨ, ਜਿਲਾ? ਸਿਹਤ ਅਫਸਰ ਡਾ ਜਸਪਾਲ ਸਿੰਘ, ਡੀਡੀਐਚਓ ਡਾ ਜਗਨਜੋਤ ਕੌਰ, ਜਿਲਾ? ਐਪੀਡੀਮਾਲੋਜਿਸਟ ਡਾ ਹਰਜੋਤ ਕੌਰ, ਜਿਲਾ? ਐਮ.ਈ.ਆਈ.ਉ. ਅਮਰਦੀਪ ਸਿੰਘ, ਡੀਪੀਐਮ ਸੁਖਜਿੰਦਰ ਸਿੰਘ, ਏਐਮਓ ਗੁਰਦੇਵ ਸਿੰਘ, ਰੋਸ਼ਨ ਸਿੰਘ, ਸੁਖਦੇਵ ਸਿੰਘ, ਬਲਵਿੰਦਰ ਸਿੰਘ, ਅਤੇ ਸਮੂਹ ਸਟਾਫ ਹਾਜਰ ਸੀ।

# ਹਿੰਮਤ ਸਿੰਘ ਕਲੌਨੀ ਚ ਪਾਰਕ ਦੇ ਕੰਮ ਦਾ ਉਦਘਾਟਨ

**ਨਡਾਲਾ /ਡਾ.ਧਰਮਪਾਲ ਸ਼ਾਰਦਾ**

ਨਡਾਲਾ ਦੇ ਵਾਰਡ ਨੰਬਰ 11 ਤੋ ਆਪ ਦੇ ਕੌਂਸਲਰ ਬਲਜੀਤ ਸਿੰਘ ਨੇ ਆਪਣੇ ਵਾਰਡ ਦੀ ਹਿੰਮਤ ਸਿੰਘ ਕਲੌਨੀ ਵਿੱਚ ਕਾਰਜ਼ ਸਾਧਕ ਅਫਸਰ ਰਣਦੀਪ ਸਿੰਘ ਵੜੈਚ ਦੀ ਅਗਵਾਈ ਹੇਠ ਨਵੀ ਬਨਣ ਜਾ ਰਹੀ ਪਾਰਕ ਦੇ ਕੰਮ ਦਾ ਉਦਘਾਟਨ ਕੀਤਾ। ਇਸ ਮੌਕੇ ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਈਓ ਰਣਦੀਪ ਸਿੰਘ ਵੜੈਚ ਨੇ ਦੱਸਿਆ ਕਿ ਉਕਤ ਵਾਰਡ ਵਾਸੀਆਂ ਦੀ ਬੜੇ ਚਿਰਾਂ ਤੋ ਡਿਮਾਂਡ ਸੀ ਕਿ ਇਥੇ ਪਾਰਕ ਬਣਾਈ ਜਾਵੇ ਅਤੇ 15 ਲੱਖ ਦੀ ਲਾਗਤ ਨਾਲ ਬਣਾਈ ਜਾ ਰਹੀ ਇਸ ਪਾਰਕ ਵਿੱਚ ਇੰਟਰਲਾੱਕ ਟਾਇਲ, ਟਰੈਕ , ਓਪਨ ਜਿੰਮ ਤੇ ਵਧੀਆ ਤਰੀਕੇ ਨਾਲ ਚਾਰ ਦੀਵਾਰੀ ਕਰਨ ਦਾ ਕੰਮ ਸ਼ਾਮਲ



ਹੈ ਜਿਸਦਾ ਕੰਮ ਜਲਦ ਹੀ ਮੁਕੰਮਲ ਕਰਕੇ ਵਾਰਡ ਵਾਸੀਆਂ ਦੇ ਸਪੁਰਦ ਕਰ ਦਿੱਤੀ ਜਾਵੇਗੀ। ਉਨਾ ਦੱਸਿਆ ਹਲਕਾ ਇੰਚਾਰਜ਼ ਐਡਵੋਕੇਟ ਹਰਸਿਮਰਨ ਸਿੰਘ ਘੁੰਮਣ ਦੀ ਅਗਵਾਈ ਹੇਠ ਕਸਬੇ ਚ ਹੋਰ ਵੀ ਪ੍ਰੋਜੈਕਟਾਂ ਤੇ ਕੰਮ ਚੱਲ ਰਿਹਾ ਹੈ ਜੋ ਕਿ ਜਲਦ ਹੀ ਮੁਕੰਮਲ ਕਰ ਲਏ ਜਾਣਗੇ। ਇਸ ਮੌਕੇ ਕੌਂਸਲਰ ਸੰਦੀਪ ਸੈਣੀ, ਸੰਦੀਪ ਕੁਮਾਰ ਲੈਬ ਵਾਲੇ, ਐਸਓ ਸੰਜੀਵ ਕੁਮਾਰ, ਲੱਖਾ ਲਹੌਰੀਆ, ਨਵਜਿੰਦਰ ਸਿੰਘ ਬੱਗਾ ਕੋਚ ਅਤੇ ਹੋਰ ਹਾਜ਼ਰ ਸਨ

# ਜੰਡਿਆਲਾ ਬਣਿਆ ਫਿਰੌਤੀਆਂ ਮੰਗਣ ਵਾਲਿਆਂ ਲਈ ਸੇਫ ਇਲਾਕਾ

## ਨਿੱਤ ਦਿਨ ਕਤਲੋ ਗਾਰਦ ਅਤੇ ਧਮਕੀਆਂ ਤੋਂ ਅੱਕੇ ਸ਼ਹਿਰ ਵਾਸੀ





**ਜੰਡਿਆਲਾ ਗੁਰੂ /ਗੁਰਦੇਵ ਸਿੰਘ ਮਨਜੋਤਰਾ**

ਜੰਡਿਆਲਾ ਗੁਰੁ ਵਿੱਚ ਅੱਜ ਫਿਰ ਇੱਕ ਵਾਰ ਫਿਰੌਤੀ ਮੰਗਣ ਵਾਲਿਆ ਵਲੋਂ ਦੁਕਾਨਦਾਰ ਤੇ ਗੋਲੀਆਂ ਚਲਾਈਆਂ ਗਈਆ।ਮੌਕੇ ਤੇ ਪ੍ਰਾਪਤ ਕੀਤੀ ਜਾਣਕਾਰੀ ਮੁਤਾਬਕ ਵੈਰੋਵਾਲ ਰੋਡ ਤੇ ਸਥਿਤ ਸੁਰਿੰਦਰ ਕਰਿਆਨਾ ਸਟੋਰ ਤੇ ਅੱਜ ਦੁਪਹਿਰ 12 ਕੁ ਵਜੇ ਮੋਟਰਸਾਇਕਲ ਤੇ ਸਵਾਰ 3 ਨਕਾਬਪੋਸ਼ਾਂ ਨੇ ਉਕਤ ਕਰਿਆਨਾ ਸਟੋਰ ਦੇ ਗਦਾਮ ਤੇ ਗੋਲੀਆਂ ਚਲਾ ਦਿੱਤੀਆਂ ਦੁਕਾਨ ਤੇ ਕੋਈ ਮਾਲ ਸਪਲਾਈ ਕਰਨ ਵਾਲਾ ਗਰੀਬ ਮੁੰਡਾ ਰੇਹੜੀ ਤੇ ਸਮਾਨ ਉਤਾਰ ਰਿਹਾ ਸੀ ਜਿਸ ਦਾ ਨਾਮ ਕਸ਼ਮੀਰ ਸਿੰਘ ਦੱਸਿਆ ਗਿਆ ਹੈ ਉਸ ਦੀ ਲੱਤ ਵਿੱਚ ਗੋਲੀ ਮਾਰੀ ਗਈ।ਜਖਮੀ ਨੌਜਵਾਨ ਨੂੰ ਜੰਡਿਆਲਾ ਦੇ ਨਿਜੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਜਿਥੇ ਉਸ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾਂ ਰਹੀ ਹੈ।ਇਥੇ ਇਹ ਖਾਸ ਵਰਣਨ ਯੋਗ ਹੈ ਕਿ ਕੁਝ ਦਿਨ ਪਹਿਲਾਂ ਸਟੋਰ ਮਾਲਕ ਨੂੰ ਬਿੱਲਾ ਮਾਂਗਾ ਗੈਂਗਸਟਰ ਵਲੋਂ 50ਲੱਖ ਮੰਗਣ ਦੀਆਂ ਧਮਕੀਆਂ ਮਿਲ ਰਹੀਆਂ ਸਨ।ਇਸ ਸਬੰਧੀ ਸਟੋਰ ਮਾਲਕਾਂ ਨੇ ਪੁਲਿਸ ਨੂੰ ਸੂਚਿਤ ਵੀ ਕੀਤਾ ਸੀ ਅਤੇ ਇਹਨਾਂ ਨੇ ਆਪਣਾ ਪ੍ਰਾਈਵੇਟ ਸਕਿਊਰਟੀ ਗਾਰਡ ਵੀ ਰੱਖਿਆ ਹੋਇਆ ਸੀ।ਜੋ ਮੌਕੇ ਤੇ ਮੌਜੂਦ ਵੀ ਸੀ।ਪਰ ਹਮਲਾਵਰ ਸੜਕ ਦੇ ਦੂਜੇ ਪਾਸੇ ਸੀ ਜਿੰਨਾਂ ਨੇ ਸਟੋਰ ਤੇ ਗੋਲੀਆਂ ਚਲਾਈਆਂ।ਇਸ ਸਬੰਧੀ ਥਾਣਾ ਮੁੱਖੀ ਹਰਚਰਨ ਸਿੰਘ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਇਹਨਾਂ ਦੀ ਕੰਪਲੇਂਟ ਆਈ ਸੀ ਅਸੀਂ ਦੋ ਬੰਦਿਆਂ ਨੂੰ ਗ੍ਰਿਫਤਾਰ ਵੀ ਕੀਤਾ ਸੀ ਪਰ ਫਿਰ ਇਹ ਵਾਰਦਾਤ ਹੋ ਗਈ।ਉਹਨਾਂ ਕਿਹਾ ਕਿ ਜਲਦੀ ਹੀ ਹਮਲਾਵਰਾਂ ਨੂੰ ਕਾਬੂ ਕਰ ਲਿਆ ਜਾਵੇਗਾ।ਇਸ ਵਾਰਦਾਤ ਨਾਲ ਸ਼ਹਿਰ ਅੰਦਰ ਪੂਰੀ ਤਰਾਂ ਦਹਿਸ਼ਤ ਪਾਈ ਜਾ ਰਹੀ ਹੈ,ਦੁਕਾਨਦਾਰਾਂ ਵਲੋ ਕਿਹਾ ਜਾ ਰਿਹਾ ਹੈ ਕਿ ਹੁਣ ਜੰਡਿਆਲਾ ਅੰਦਰ ਕਾਰੋਬਾਰ ਕਰਨਾ ਅਤੇ ਰਹਿਣਾ ਮੁਸ਼ਕਲ ਹੋਇਆ ਪਿਆ ਹੈ।ਨਿੱਤ ਦਿਨ ਫਿਰੌਤੀਆਂ ਮੰਗੀਆਂ ਜਾ ਰਹੀਆਂ ਹਨ ਅਤੇ ਸ਼ਰੇਆਮ ਗੋਲੀਆਂ ਮਾਰੀਆਂ ਜਾ ਰਹੀਆਂ ਹਨ।ਕੁਝ ਦਿਨ ਪਹਿਲਾਂ ਇਥੋਂ ਦੇ ਕੌਂਸਲਰ ਨੂੰ ਗੋਲੀਆਂ ਮਾਰ ਕਿ ਕਤਲ ਕੀਤਾ ਗਿਆਂ ਸੀ ਅਤੇ ਉਸ ਤੋਂ ਕੁਝ ਦਿਨ ਪਹਿਲਾ ਇੱਕ ਹੋਰ ਸਟੋਰ ਤੋਂ ਵੀ ਫਿਰੌਤੀ ਮੰਗੀ ਗਈ ਸੀ ਅਤੇ ਓਸ ਤੇ ਵੀ ਗੋਲੀਆਂ ਚਲਾਈਆਂ ਗਈਆਂ ਸਨ।ਸ਼ਹਿਰ ਵਾਸੀਆਂ ਕਿਹਾ ਕਿ ਇਥੇ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਉ ਦੀ ਰਿਹਾਇਸ਼ ਹੈ ਪਰ ਫਿਰ ਵੀ ਗੈਂਗਸਟਰ ਸ਼ਰੇਆਮ ਧਮਕੀਆਂ ਦੇ ਰਹੇ ਹਨ।ਜੰਡਿਆਲਾ ਵਾਸੀਆਂ ਸਰਕਾਰ ਕੋਲੋਂ ਮੰਗ ਕੀਤੀ ਕਿ ਇਸ ਗੈਂਗਸਟਰ ਕਲਚਰ ਨੂੰ ਖਤਮ ਕੀਤਾ ਜਾਵੇ ਤਾਂ ਜੋ ਕੰਮ ਕਾਜ ਵਾਲੇ ਲੋਕ ਆਪਣਾ ਕਾਰੋਬਾਰ ਅਰਾਮ ਨਾਲ ਕਰ ਸਕਣ।

# ਨਵੀਆਂ ਵਿਕਸਿਤ ਹੋ ਰਹੀਆਂ ਅਣ-ਅਧਿਕਾਰਿਤ ਕਲੋਨੀਆਂ ਉੱਪਰ ਚੱਲਿਆ ਪੀਲਾ ਪੰਜਾ



**ਅੰਮ੍ਰਿਤਸਰ/ਮਲਕੀਅਤ ਸਿੰਘ**

ਪੰਜਾਬ ਸਰਕਾਰ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਤਹਿਤ ਏਡੀਏ ਦੇ ਮੁੱਖ ਪ੍ਰਸ਼ਾਸਕ ਨਿਤੇਸ਼ ਕੁਮਾਰ ਜੈਨ, ਆਈ.ਏ.ਐਸ ਅਤੇ ਵਧੀਕ ਮੁੱਖ ਪ੍ਰਸ਼ਾਸਕ ਇਨਾਯਤ, ਪੀ.ਸੀ.ਐਸ. ਵੱਲੋਂ ਜਾਰੀ ਹੁਕਮਾਂ ਦੀ ਪਾਲਣਾ ਕਰਦੇ ਹੋਏ ਜਿਲ੍ਹਾ ਟਾਊਨ ਪਲਾਨਰ (ਰੈਗੂਲੇਟਰੀ) ਗੁਰਸੇਵਕ ਸਿੰਘ ਔਲਖ ਦੀ ਅਗਵਾਈ ਹੇਠ ਏਡੀਏ ਦੇ ਰੈਗੂਲੇਟਰੀ ਵਿੰਗ ਵੱਲੋਂ ਡਿਊਟੀ ਮੈਜਿਸਟ ?ਰੇਟ ਸ਼ ?ਰੀ ਜਗਬੀਰ ਸਿੰਘ, ਉੱਪ-ਮੰਡਲ ਇੰਜੀਨੀਅਰ, ਏਡੀਏ, ਅੰਮ੍ਰਿਤਸਰ ਅਤੇ ਥਾਣਾ ਚਾਟੀਵਿੰਡ ਦੇ ਪੁਲਿਸ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਅੰਮ੍ਰਿਤਸਰ-ਤਰਨਤਾਰਨ ਰੋਡ ਉੱਪਰ ਬਣ ਰਹੀ ਅਣ-ਅਧਿਕਾਰਤ ਕਲੋਨੀ ਵਿਰੁੱਧ ਕਾਰਵਾਈ ਕਰਦੇ ਹੋਏ ਕਲੋਨੀ ਨੂੰ ਢਾਹ ਦਿੱਤਾ ਗਿਆ। ਰੈਗੂਲੇਟਰੀ ਵਿੰਗ ਵੱਲੋਂ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਭਵਿੱਖ ਦੇ ਵਿਕਾਸ ਨੂੰ ਨਿਯੰਤਰਣ ਕਰਨ ਲਈ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਤਰਨਤਾਰਨ ਰੋਡ ਉੱਪਰ ਪੈਂਦੇ ਪਿੰਡ ਚੱਬਾ ਵਿਖੇ ਬਾਬਾ ਨੌਧ ਸਿੰਘ ਜੀ ਦੀ ਸਮਾਧ ਨੇੜੇ ਵਿਕਸਿਤ ਕੀਤੀ ਜਾ ਰਹੀ ਅਣ-ਅਧਿਕਾਰਤ ਕਲੋਨੀ ਨੂੰ ਪਾਪਰਾ ਐਕਟ-1995 ਅਧੀਨ ਨੋਟਿਸ ਜਾਰੀ ਕਰਦਿਆਂ ਕੰਮ ਬੰਦ ਕਰਵਾਉਂਦੇ ਹੋਏ ਡੈਮੋਲੀਸ਼ਨ ਦੀ ਕਾਰਵਾਈ ਕੀਤੀ ਗਈ ਹੈ, ਕਿਉਂਜੋ ਉਕਤ ਅਣ-ਅਧਿਕਾਰਤ ਕਲੋਨੀ ਦੇ ਮਾਲਕਾਂ ਵੱਲੋਂ ਸਰਕਾਰ ਦੀਆਂ ਹਦਾਇਤਾਂ ਦੀ ਪ੍ਰਵਾਹ ਨਾ ਕਰਦੇ ਹੋਏ ਸਰਕਾਰੀ ਨਿਯਮਾਂ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਸਨ।

ਉਨ੍ਹਾਂ ਨੇ ਇਹ ਵੀ ਸਪੱਸ਼ਟ ਕੀਤਾ ਕਿ ਅਣ-ਅਧਿਕਾਰਤ ਕਲੋਨੀ ਕੱਟਣ ਵਾਲੇ ਵਿਅਕਤੀ ਵਿਰੁੱਧ ਪਾਪਰਾ ਐਕਟ-1995 ਦੀ ਸੋਧ 2024 ਅਨੁਸਾਰ 5 ਤੋਂ 10 ਸਾਲ ਦੀ ਕੈਦ ਅਤੇ 25 ਲੱਖ ਤੋਂ 5 ਕਰੋੜ ਦਾ ਜੁਰਮਾਨਾ ਵੀ ਕੀਤਾ ਜਾ ਸਕਦਾ ਹੈ। ਵਿਭਾਗ ਵੱਲੋਂ ਹੁਣ ਤੱਕ ਕੁੱਲ 16 ਅਣ-ਅਧਿਕਾਰਿਤ ਕਲੋਨੀ ਕੱਟਣ ਵਾਲੇ ਕਲੋਨਾਈਜ਼ਰਾਂ ਅਤੇ ਅਣ-ਅਧਿਕਾਰਿਤ ਉਸਾਰੀ ਕਰਨ ਵਾਲੇ ਉਸਾਰੀਕਰਤਾਵਾਂ ਵਿਰੁੱਧ ਐਫ.ਆਈ.ਆਰ ਦਰਜ ਕਰਨ ਲਈ ਪੁਲਿਸ ਵਿਭਾਗ ਨੂੰ ਲਿਖਿਆ ਜਾ ਚੁੱਕਾ ਹੈ। ਇਸ ਤੋਂ ਇਲਾਵਾ ਪੁੱਡਾ ਦੇ ਰੈਗੂਲੇਟਰੀ ਵਿੰਗ ਵੱਲੋਂ ਸਮੇਂ-ਸਮੇਂ ਤੇ ਜ਼ਿਲਾ ਅੰਮ੍ਰਿਤਸਰ ਅੰਦਰ ਵਿਕਸਿਤ ਕੀਤੀਆਂ ਜਾ ਰਹੀਆਂ ਅਣ-ਅਧਿਕਾਰਤ ਕਲੋਨੀਆਂ ਅਤੇ ਉਸਾਰੀਆਂ ਦਾ ਮੌਕਾ ਚੈਕ ਕਰਦੇ ਹੋਏ ਸਬੰਧਤ ਐਕਟ ਤਹਿਤ ਨੋਟਿਸ ਜਾਰੀ ਕਰਦਿਆਂ ਕੰਮ ਬੰਦ ਕਰਵਾਉਂਦੇ ਹੋਏ ਸਬੰਧਤ ਥਾਣਾ ਅਫਸਰ ਨੂੰ ਅਗਲੇਰੀ ਕਾਨੂੰਨੀ ਕਾਰਵਾਈ ਕਰਨ ਲਈ ਕਿਹਾ ਜਾ ਰਿਹਾ ਹੈ।

### ਨਜਾਇਜ਼ ਕਲੋਨੀਆਂ ਵਿੱਚ ਲੋਕ ਪਲਾਟ ਨਾ ਖ਼ਰੀਦਣ : ਗੁਰਸੇਵਕ ਸਿੰਘ ਔਲਖ

ਜਿਲ੍ਹਾ ਨਗਰ ਯੋਜਨਾਕਾਰ (ਰ), ਅੰਮ੍ਰਿਤਸਰ ਨੇ ਆਮ ਜਨਤਾ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਉਹ ਗੈਰ-ਕਨੂੰਨੀ ਕਲੋਨੀਆਂ ਜੋ ਕਿ ਪੁੱਡਾ ਵਿਭਾਗ ਤੋਂ ਮੰਜੂਰ ਸ਼ੁਦਾ ਨਹੀਂ ਹਨ, ਉਹਨਾਂ ਵਿੱਚ ਪੈਂਦੇ ਪਲਾਟਾਂ ਦੀ ਵਿਕਰੀ ਸਬੰਧੀ ਕਿਸੇ ਵੀ ਇਸ਼ਤਿਹਾਰ ਅਨੁਸਾਰ ਪਲਾਟ ਖਰੀਦਣ ਤੋਂ ਪਹਿਲਾਂ ਉਸ ਕਲੋਨੀ ਸਬੰਧੀ ਪੁੱਡਾ ਵੱਲੋਂ ਜਾਰੀ ਕੀਤੀ ਗਈ ਮੰਜੂਰੀ ਦੀ ਮੰਗ ਜ਼ਰੂਰ ਕਰਨ ਤਾਂ ਜੋ ਉਨ੍ਹਾਂ ਦੇ ਧਨ ਮਾਲ ਦਾ ਨੁਕਸਾਨ ਨਾ ਹੋ ਸਕੇ ਅਤੇ ਉਨ੍ਹਾਂ ਲਈ ਪਰੇਸ਼ਾਨੀ ਦਾ ਕਾਰਨ ਨਾ ਬਣੇ। ਇਸ ਤੋ ਇਲਾਵਾ ਉਹਨਾਂ ਵੱਲੋਂ ਇਹ ਵੀ ਅਪੀਲ ਕੀਤੀ ਗਈ ਕਿ ਜ਼ਿਲੇ ਅੰਦਰ ਕਿਸੇ ਵੀ ਜਗ ?ਹਾ ਉੱਪਰ ਕਿਸੇ ਵੀ ਪ੍ਰਕਾਰ ਦੀ ਉਸਾਰੀ ਜਾਂ ਕਲੋਨੀ ਕੱਟਣ ਤੋਂ ਪਹਿਲਾਂ ਪੁੱਡਾ ਵਿਭਾਗ ਪਾਸੋਂ ਲੋੜੀਂਦੀਆਂ ਪ੍ਰਵਾਨਗੀਆਂ ਜ਼ਰੂਰ ਪ੍ਰਾਪਤ ਕੀਤੀਆਂ ਜਾਣ ਅਤੇ ਪ੍ਰਵਾਨਗੀ ਅਨੁਸਾਰ ਹੀ ਉਸਾਰੀ ਅਤੇ ਵਿਕਾਸ ਦੇ ਕੰਮ ਕੀਤੇ ਜਾਣ।

# ਸੜਕਾ ਦੀ ਸਾਫ-ਸਫਾਈ ਅਤੇ ਕੂੜੇ ਦੀ ਲਿਫਟਿੰਗ ਨੂੰ ਲੇ ਕੇ ਨਿਗਮ ਕਮਿਸ਼ਨਰ ਦੀ ਸਿਹਤ ਵਿਭਾਗ ਦੇ ਅਧਿਕਾਰੀਆਂ ਨਾਲ ਹੋਈ ਹੰਗਾਮੀ ਮੀਟਿੰਗ

## ਕਦੇ ਵੀ ਕੀਤਾ ਜਾ ਸਕਦਾ ਹੈ ਅੌਚਕ ਨਿਰੀਖਣ : ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ



**ਅੰਮ੍ਰਿਤਸਰ / ਮਲਕੀਅਤ ਸਿੰਘ**

ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਵਲੋਂ ਸਹਿਰ ਦੀ ਸਾਫ ਸਫਾਈ ਅਤੇ ਕੂੜੇ ਦੀ ਲਿਫਟਿੰਗ ਨੂੰ ਲੇ ਕੇ ਸਿਹਤ ਵਿਭਾਗ ਦੇ ਅਧਿਕਾਰੀਆਂ ਨਾਲ ਇਕ ਹਗਾਂਮੀ ਮੀਟਿੰਗ ਲਈ ਗਈ ਮੀਟਿੰਗ ਦੌਰਾਨ ਕਮਿਸ਼ਨਰ ਵਲੋਂ ਹਾਜਰ ਸਾਰੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਕਿ ਸਰਕਾਰ ਸ਼ਹਿਰ ਦੀ ਸਫਾਈ ਵਿਵਸਥਾ ਨੂੰ ਲੇ ਕੇ ਬਹੁਤ ਸੰਜੀਦਾ ਹੈ ਅਤੇ ਸ਼ਹਿਰ ਦਾ ਕਿਸੇ ਵੀ ਪੱਧਰ ਤੇ ਕਦੇ ਵੀ ਅੌਚਕ ਨਿਰੀਖਣ ਕੀਤਾ ਜਾ ਸਕਦਾ ਹੈ ਇਸ ਲਈ ਇਹ ਜਰੂਰੀ ਹੈ ਕਿ ਸਮੂਹ ਸੈਨੇਟਰੀ ਸਟਾਫ ਇਕ ਜੁੱਟ ਹੋ ਕੇ ਸ਼ਹਿਰ ਦੀ ਸਾਫ-ਸਫਾਈ ਅਤੇ ਕੂੜੇ ਦੀ ਲਿਫਟਿੰਗ ਸਵੇਰੇ ਹੀ ਸਮਾਂ ਰਹਿੰਦੇ ਕਰਨੀ ਯਕੀਨੀ ਬਣਾਈ ਜਾਵੇ ।ਅਤੇ ਇਸ ਤੋ ਇਲਾਵਾ ਐਮ.ਸੇਵਾ ਪੋਰਟਲ ਤੇ ਸ਼ਹਿਰ ਵਾਸੀਆਂ ਦੀਆਂ ਆਈਆਂ ਸ਼ਿਕਾਇਤਾ ਦਾ ਸਮਾਂ ਬੱਧ ਤਰੀਕੇ ਨਾਲ ਨਿਪਟਾਰਾ ਕੀਤਾ ਜਾਵੇ । ਅਜ ਦੀ ਇਸ ਮੀਟਿੰਗ ਵਿੱਚ ਸਿਹਤ ਅਫਸਰ ਡਾ. ਕਿਰਨ, ਡਾ.ਯੋਗੇਸ਼ ਅਰੋੜਾ ਚੀਫ ਸੈਨੇਟਰੀ ਅਫਸਰ ਮਲਕੀਤ ਸਿੰਘ, ਰਣਜੀਤ ਸਿੰਘ, ਚੀਫ ਸੈਨੇਟਰੀ ਇੰਸਪੈਕਟਰ ਵਿਜੇ ਗਿਲ, ਸਰਬਜੀਤ ਸਿੰਘ ਰਾਕੇਸ਼ ਮਰਵਾਹਾ, ਅਤੇ ਸਮੂਹ ਸੈਨੇਟਰੀ ਇੰਸਪੈਕਟਰ ਹਾਜਰ ਸਨ ।

ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਦਸਿਆ ਕਿ ਅੰਮ੍ਰਿਤਸਰ ਸ਼ਹਿਰ ਧਾਰਮਿਕ ਅਤੇ ਇਤਿਹਾਸਕ ਪੱਖੋਂ ਸਾਰੀ ਦੁਨੀਆਂ ਵਿੱਚ ਮਹੱਤਤਾ ਰਖਦਾ ਹੈ ਇਸ ਤੋ ਇਲਾਵਾ ਇਥੇ ਵੀ.ਆਈ.ਪੀ ਅਤੇ ਵੀ.ਵੀ.ਆਈ. ਪੀਜ ਦਾ ਵੀ ਆਉਣਾ ਜਾਣਾ ਬਣਿਆਂ ਰਹਿੰਦਾ ਹੈ ਇਸ ਤੋ ਇਲਾਵਾ ਰੋਜਾਨਾ ਹਜਾਰਾ ਯਾਤਰੂ ਅਤੇ ਸ਼ਰਧਾਲੂ ਅੰਮ੍ਰਿਤਸਰ ਵਿਖੇ ਆਉਂਦੇ ਹਨ । ਇਸ ਲਈ ਸ਼ਹਿਰ ਦੀਆਂ ਮੁੱਖ ਸੜਕਾਂ ਤੇ ਸਾਫ ਸਫਾਈ ਅਤੇ ਕੂੜੇ ਦੀ ਲਿਫਟਿੰਗ ਸਵੇਰ ਸਮਾਂ ਰਹਿੰਦੇ ਹੋਣੀ ਜਰੂਰੀ ਹੈ ਕਿਉ ਜੋ ਸ਼ਹਿਰ ਵਾਸੀ ਜਦੋ ਸਵੇਰੇ ਸੇਰ ਲਈ ਨਿਕਲਦੇ ਹਨ ਜਾ ਦੁਕਾਨਾਂ ਆਦਿ ਖੋਲਦੇ ਹਨ ਤਾਂ ਨਗਰ ਨਿਗਮ ਦੇ ਅਕਸ ਤੇ ਬੜਾ ਫਰਕ ਪੈਂਦਾ ਹੈ ਉਹਨਾਂ ਕਿਹਾ ਕਿ ਪੀ.ਐਮ.ਆਈ.ਡੀ.ਸੀ ਵਲੋਂ ਪਹਿਲਾ ਹੀ ਸ਼ਹਿਰ ਵਿੱਚ ਸਾਫ ਸਫਾਈ ਅਤੇ ਕੂੜੇ ਦੀ ਲਿਫਟਿੰਗ ਦੀ ਨਿਗਰਾਨੀ ਲਈ ਤਿੰਨ ਨਿਰੀਖਣ ਕਰਤਾ ਕਰਮਚਾਰੀਆਂ ਦੀ ਡਿਊਟੀ ਲਗਾਈ ਗਈ ਹੈ ਜੋ ਕਿ ਰੋਜਾਨਾ ਸ਼ਹਿਰ ਦੇ ਵਖਰੇ ਵਖਰੇ ਇਲਾਕਿਆਂ ਦੀਆਂ ਸ਼ਿਕਾਇਤਾਂ ਸਬੰਧਤ ਅਧਿਕਾਰੀਆਂ ਨੂੰ ਐਮ.ਸੇਵਾ ਪੋਰਟਲ ਰਾਹੀਂ ਭੇਜਦੇ ਹਨ ਅਤੇ ਇਸ ਕੰਮ ਨੂੰ ਸੀ.ਈ.ਓ ਪੀ.ਐਮ.ਆਈ.ਡੀਸੀ ਵਲੋਂ ਵੀ ਵਾਚਿਆਂ ਜਾ ਰਿਹਾ ਹੈ । ਕਮਿਸ਼ਨਰ ਨੇ ਸਾਰੇ ਸਬੰਧਤ ਅਧਿਕਾਰੀਆਂ ਨੂੰ ਆਨਲਾਈਨ ਪੋਰਟਲ ਤੇ ਪਈਆਂ ਸ਼ਿਕਾਇਤਾ ਦਾ ਤੁਰੰਤ ਅਤੇ ਬਿਨਾ ਕਿਸੇ ਦੇਰੀ ਦੇ ਨਿਪਟਾਰਾ ਕਰਨ ਦੀਆਂ ਹਦਾਇਤਾ ਕੀਤੀਆਂ । ਉਹਨਾ ਇਹ ਵੀ ਕਿਹਾ ਕਿ ਉਹ ਰੋਜਾਨਾ ਕਿਸੇ ਵੀ ਵਾਰਡ ਦਾ ਅੌਚਕ ਨਿਰੀਖਣ ਕਰ ਸਕਦੇ ਹਨ ਅਤੇ ਸ਼ਹਿਰ ਵਾਸੀਆਂ ਤੋ ਇਸ ਸਬੰਧੀ ਫੀਡਬੈਕ ਵੀ ਲਿਆ ਜਾਵੇਗਾ ਇਸ ਲਈ ਕੰਮ ਵਿੱਚ ਕਿਸੇ ਵੀ ਤਰਾ ਦੀ ਲਾਪਰਵਾਹੀ ਬਰਦਾਸ਼ਤ ਨਹੀ ਕੀਤੀ ਜਾਵੇਗੀ ।

# ੰਜਾਬ ਵਿੱਚੋਂ ਨਸ਼ੇ ਦੇ ਖਾਤਮੇ ਲਈ ਸਮਾਜ ਦੇ ਹਰ ਵਰਗ ਦਾ ਇੱਕਜੁਟ ਹੋਣਾ ਜ਼ਰੂਰੀ-ਡਾ. ਇਸ਼ਾਂਕ ਕੁਮਾਰ

## ਵਿਧਾਇਕ ਨੇ ਆਸ਼ਾ-ਆਂਗਣਵਾੜੀ ਵਰਕਰਾਂ ਨੂੰ ਕੀਤਾ "ਯੁੱਧ ਨਸ਼ਿਆ ਵਿਰੱਧ"ਮੁਹਿੰਮ ਵਿੱਚ ਸ਼ਾਮਿਲ

**ਹੁਸ਼ਿਆਰਪੁਰ /ਤਰਸੇਮ ਦੀਵਾਨਾ**

ਪੰਜਾਬ ਵਿੱਚੋਂ ਨਸ਼ੇ ਦੇ ਖਾਤਮੇ ਲਈ ਸਰਕਾਰ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ"ਮੁਹਿੰਮ ਦੇ ਤਹਿਤ ਹਲਕਾ ਚੱਬੇਵਾਲ ਦੇ ਵਿਧਾਇਕ ਡਾ. ਇਸ਼ਾਂਕ ਕੁਮਾਰ ਦੁਆਰਾ ਆਪਣੇ ਹਲਕੇ ਦੇ ਪਿੰਡਾਂ ਵਿੱਚ ਮੀਟਿੰਗ ਕਰਕੇ, ਪੈਦਲ ਮਾਰਚ ਕਰਕੇ ਲੋਕਾ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ।ਇਸ ਮੁਹਿੰਮ ਨੂੰ ਹੋਰ ਤੇਜ਼ੀ ਦੇਣ ਲਈ ਡਾ. ਇਸ਼ਾਂਕ ਵੱਲੋਂ ਹਲਕੇ ਦੀਆਂ ਆਸ਼ਾ ਵਰਕਰਾਂ ਅਤੇ ਆਂਗਣਵਾੜੀ ਵਰਕਰਾਂ ਨਾਲ ਵੀ ਖ਼ਾਸ ਮੀਟਿੰਗ ਕੀਤੀ ਗਈ।ਉਹਨਾਂ ਕਿਹਾ ਕਿ ਆਸ਼ਾ ਵਰਕਰ ਸਾਡੇ ਪੇਂਡੂ ਸਿਹਤ ਸੰਭਾਲ ਪ੍ਰਣਾਲੀ ਦੀ ਰੀੜ ?ਹ ਦੀ ਹੱਡੀ ਹਨ ਅਤੇ ਆਂਗਣਵਾੜੀ ਵਰਕਰ ਪ੍ਰੀ-ਪ੍ਰਾਈਮਰੀ ਸਿੱਖਿਆ ਦੇ ਥੰਮ ਹਨ।ਇਹ ਵਰਕਰ ਆਪਣੇ ਕੰਮ ਲਈ ਪਿੰਡਾਂ ਦੇ ਹਰ ਘਰ ਤੱਕ ਪਹੁੰਚਦੇ ਹਨ ਅਤੇ ਬੱਚਿਆਂ ਦੀ ਸਿਹਤ ਅਤੇ ਪੜ੍ਹਾਈ ਪ੍ਰਤੀ ਲੋਕਾਂ ਨੂੰ ਸੁਚੇਤ ਕਰਦੇ ਹਨ।ਡਾ. ਇਸ਼ਾਂਕ ਨੇ ਕਿਹਾ ਕਿ ਇਸੀ ਤਰ੍ਹਾਂ ਆਸ਼ਾ ਤੇ ਆਂਗਣਵਾੜੀ ਵਰਕਰ "ਯੁੱਧ ਨਸ਼ਿਆਂ ਵਿਰੁੱਧ"ਮੁਹਿੰਮ ਦਾ ਸੰਦੇਸ਼ ਵੀ ਘਰ-ਘਰ ਪਹੁੰਚਾਉਣ ਵਿੱਚ ਸਹਾਇਕ ਹੋਣਗੇ ਅਤੇ ਇਸ ਰਾਹੀਂ ਉਹ ਸਮਾਜ ਸੁਧਾਰ ਅਤੇ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਤੋਂ ਬਚਾਉਣ ਲਈ ਵੀ ਅਪਣਾ ਯੋਗਦਾਨ ਪਾ ਸਕਦੇ ਹਨ।

ਇਸ ਮੌਕੇ 'ਤੇ ਪਹੁੰਚੇ ਆਸ਼ਾ-ਆਂਗਣਵਾੜੀ ਵਰਕਰਾਂ ਨੇ ਇੱਕ ਜੁੱਟ ਹੋ ਕੇ ਵਿਧਾਇਕ ਦੀ ਇਸ ਮੁਹਿੰਮ ਨੂੰ ਸਕਾਰਤਮਕ ਹੁੰਗਾਰਾ ਦਿੱਤਾ ਅਤੇ ਅਪਣੇ ਸਾਥ ਦਾ ਭਰੋਸਾ ਦਿੱਤਾ।ਆਂਗਣਵਾੜੀ ਵਰਕਰ ਸਰਬਜੀਤ ਕੌਰ ਨੇ ਕਿਹਾ ਕਿ ਸਾਨੂੰ ਇਸ ਮੁਹਿੰਮ ਦਾ ਹਿੱਸਾ ਬਣਾ ਕੇ ਵਿਧਾਇਕ ਡਾ. ਇਸ਼ਾਂਕ ਨੇ ਸਾਨੂੰ ਜੋ ਜਿੰਮੇਵਾਰੀ ਦਿੱਤੀ ਸੌਂਪੀ ਹੈ ਅਸੀਂ ਉਸ ਨੂੰ ਤਨਦੇਹੀ ਨਾਲ ਨਿਭਾਵਾਂਗੇ।ਉਹਨਾਂ ਕਿਹਾ ਕਿ ਸਾਡਾ ਪੰਜਾਬ ਅਤੇ ਪੰਜਾਬ ਦੀ ਜਵਾਨੀ, ਪੰਜਾਬ ਦਾ ਭਵਿੱਖ ਸਾਨੂੰ ਸਾਰਿਆਂ ਨੂੰ ਬਹੁਤ ਪਿਆਰਾ ਹੈ ਅਤੇ ਇਸ ਨੂੰ ਨਸ਼ੇ ਦੀ ਗਾਰਤ 'ਚੋਂ ਕੱਢਣ ਲਈ ਅਸੀਂ ਸਰਕਾਰ ਅਤੇ ਆਪਣੇ ਵਿਧਾਇਕ ਦੇ ਹਰ ਉਪਰਾਲੇ ਵਿੱਚ ਉਹਨਾਂ ਦੇ ਨਾਲ ਖੜ੍ਹੇ ਹਾਂ।ਡਾ. ਇਸ਼ਾਂਕ ਨੇ ਆਸ਼ਾ ਅਤੇ ਆਂਗਣਵਾੜੀ ਵਰਕਰਾਂ ਦੇ ਸਾਥ-ਸਮਰਥਨ ਲਈ ਉਹਨਾਂ ਦਾ ਧੰਨਵਾਦ ਕੀਤਾ।ਇਸ ਮੌਕੇ ਚੱਗਰਾਂ ਸਰਪੰਚ ਅਮਨਦੀਪ, ਹਰਪ੍ਰੀਤ ਜੀ.ਐਮ.ਐਮ, ਡਾ. ਹਰਦੀਪ, ਆਸ਼ਾ ਰਾਣੀ, ਸੁਰਜੀਤ ਕੌਰ ਆਸ਼ਾ ਵਰਕਰ, ਪੰਚ ਧੰਨਵੀਰ, ਕਮਲਜੀਤ ਸਿੰਘ ਪੰਚ, ਰਾਜਵਿੰਦਰ ਕੁਮਾਰ ਲੰਬੜਦਾਰ, ਮਨਜੀਤ ਸਿੰਘ, ਸੁਰਜੀਤ ਸਿੰਘ ਪੰਚ, ਕਮਲਜੀਤ ਕੌਰ ਪੰਚ, ਸੁਦੀਨਾ ਪੰਚ, ਸਰਵਨ ਸਿੰਘ, ਬਲਜੀਤ ਕੌਟ ਆਦਿ ਮੌਜੂਦ ਸਨ ।




# ਵਿਸ਼ਵ ਵਾਤਾਵਰਨ ਦਿਵਸ ਮੌਕੇ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਲਗਾਏ ਬੂਟੇ



**ਗੜ੍ਹਸ਼ੰਕਰ /ਰਾਕੇਸ਼ ਕੁਮਾਰ**

ਵਿਸ਼ਵ ਵਾਤਾਵਰਨ ਦਿਵਸ ਦੇ ਮੌਕੇ 'ਤੇ ਵਾਤਾਵਰਨ ਸੁਰੱਖਿਆ ਨੂੰ ਉਤਸ਼ਾਹਿਤ ਕਰਨ ਲਈ ਅਜੀਤ ਨਗਰ ਵਿਚ ਪੌਦੇ ਲਗਾਉਣ ਦਾ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਜਿਸ ਵਿਚ ਡਿਪਟੀ ਕਮਿਸ਼ਨਰ ਨੇ ਮੁੱਖ ਮਹਿਮਾਨ ਵਜੋਂ ਪਹੁੰਚ ਕੇ ਖ਼ੁਦ ਬੂਟੇ ਲਗਾਏ ਗਏ। ਸੋਨੀ ਪਰਿਵਾਰ ਅਤੇ ਰਾਊਂਡ ਗਲਾਸ ਫਾਊਂਡੇਸ਼ਨ ਵੱਲੋਂ ਕਰਵਾਏ ਗਏ ਇਸ ਪ੍ਰੋਗਰਾਮ ਵਿੱਚ ਮੇਅਰ ਸੁਰਿੰਦਰ ਕੁਮਾਰ ਅਤੇ ਡਿਪਟੀ ਮੇਅਰ ਰਣਜੀਤ ਚੌਧਰੀ ਨੇ ਵੀ ਹਿੱਸਾ ਲਿਆ ਅਤੇ ਪੌਦੇ ਲਗਾਏ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਹਰੇਕ ਨਾਗਰਿਕ ਨੂੰ ਰੁੱਖ ਲਗਾਉਣ ਦਾ ਪ੍ਰਣ ਕਰਨਾ ਚਾਹੀਦਾ ਹੈ। ਤਾਂ ਜੋ ਹਰਿਆਲੀ ਨੂੰ ਉਤਸ਼ਾਹਿਤ ਕੀਤਾ ਜਾ ਸਕੇ ਅਤੇ ਜਲਵਾਯੂ ਪਰਿਵਰਤਨ ਦੀਆਂ ਚੁਣੌਤੀਆਂ ਦਾ ਸਾਹਮਣਾ ਕੀਤਾ ਜਾ ਸਕੇ। ਉਨ੍ਹਾਂ ਨੇ ਹਾਜ਼ਰ ਲੋਕਾਂ ਨੂੰ ਆਪਣੇ ਘਰਾਂ, ਦਫਤਰਾਂ ਅਤੇ ਜਨਤਕ ਥਾਵਾਂ 'ਤੇ ਵੱਧ ਤੋਂ ਵੱਧ ਰੁੱਖ ਲਗਾਉਣ ਦਾ ਸੱਦਾ ਦਿੱਤਾ। ਉਨ੍ਹਾਂ ਸੋਨੀ ਪਰਿਵਾਰ ਦਾ ਵਾਤਾਵਰਣ ਸੰਭਾਲ ਵਿੱਚ ਪਾਏ ਯੋਗਦਾਨ ਲਈ ਧੰਨਵਾਦ ਕੀਤਾ। ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਵਾਸੀਆਂ ਨੂੰ ਵਾਤਾਵਰਨ ਸੰਭਾਲ ਅਤੇ ਟਿਕਾਊ ਵਿਕਾਸ ਵੱਲ ਵਧਣ ਲਈ ਸਰਗਰਮੀ ਨਾਲ ਯੋਗਦਾਨ ਪਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਅਜਿਹੇ ਜਾਗਰੂਕਤਾ ਪ੍ਰੋਗਰਾਮਾਂ ਨੂੰ ਲਗਾਤਾਰ ਉਤਸ਼ਾਹਿਤ ਕਰੇਗਾ ਤਾਂ ਜੋ ਸਮਾਜ ਵਿਚ ਹਰੇ ਭਵਿੱਖ ਦੀ ਨੀਂਹ ਮਜ਼ਬੂਤ ਕੀਤੀ ਜਾ ਸਕੇ।ਇਸ ਮੌਕੇ ਵੱਡੀ ਗਿਣਤੀ ਵਿੱਚ ਮੋਹਤਬਰ ਸਖਸ਼ੀਅਤਾਂ

# ਭਾਰਤੀ ਭਾਸ਼ਾ ਸਮਰ ਕੈਂਪ ਤਹਿਤ ਸੈਂਟ ਸੋਲਜਰ ਇਲੀਟ ਕਾਨਵੈਂਟ ਸਕੂਲ ਵਿੱਚ ਕੈਂਪ ਦਾ ਆਯੋਜਨ ਕੀਤਾ ਗਿਆ



**ਜੰਡਿਆਲਾ ਗੁਰੂ/ ਗੁਰਦੇਵ ਸਿੰਘ ਮਨਜੋਤਰਾਂ**

ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ ਜੰਡਿਆਲਾ ਗੁਰੂ ਵਿੱਚ ਸੀ.ਬੀ.ਐਸ.ਈ ਦੁਆਰਾ ਸ਼ੁਰੂ ਕੀਤੀ ਗਈ ਮੁਹਿੰਮ ÷ਭਾਰਤੀ ਭਾਸ਼ਾ÷ ਸਮਰ ਕੈਂਪ ਤਹਿਤ ਸਕੂਲ ਵਿੱਚ ਇੱਕ ਕੈਂਪ ਦਾ ਆਯੋਜਨ ਕੀਤਾ ਗਿਆ੍ਰ ਇਸ ਮੁਹਿੰਮ ਵਿੱਚ ਲਗਭਗ 200 ਬੱਚਿਆਂ ਨੇ ਭਾਗ ਲਿਆ੍ਰ ਛੇਵੀਂ ਤੋਂ ਦਸਵੀਂ ਜਮਾਤ ਤੱਕ ਦੇ ਬੱਚਿਆਂ ਸਮੇਤ 25 ਅਧਿਆਪਕਾਂ ਅਤੇ 13 ਸਹਿਯੋਗੀਆਂ ਨੇ ਭਾਗ ਲਿਆ੍ਰ ਇਸ ਕੈਂਪ ਵਿੱਚ ਬੱਚਿਆਂ ਨੂੰ ਬਹੁਭਾਸ਼ੀ ਬਣਾਉਣ ਲਈ ਤੇਲਗੂ ਭਾਸ਼ਾ ਸਿਖਾਉਣ ਦਾ ਪ੍ਰੋਗਰਾਮ ਬਣਾਇਆ ਗਿਆ ੍ਰਜਿਸ ਵਿੱਚ 28 ਘੰਟੇ ਦੇ ਪ੍ਰੋਗਰਾਮ ਨੂੰ 7 ਦਿਨਾਂ ਵਿੱਚ ਵੰਡਿਆ ਗਿਆ੍ਰ ਇਹ ਕੈਂਪ 28 ਮਈ 2025 ਨੂੰ ਸ਼ੁਰੂ ਕੀਤਾ ਗਿਆ ਜੋ 4 ਜੂਨ 2025 ਤੱਕ ਚੱਲਿਆ ੍ਰਇਸ ਪ੍ਰੋਗਰਾਮ ਅਧੀਨ ਰੋਜ਼ 4 ਘੰਟੇ ਪ੍ਰੋਗਰਾਮ ਕਰਵਾਇਆ ਗਿਆ੍ਰ 28 ਮਈ ਨੂੰ ਤੇਲਗੂ ਭਾਸ਼ਾ ਦੀ ਪਰਿਭਾਸ਼ਾ ਬੋਲਚਾਲ, ਅਲਫਾਬੈਟ ਤੇ ਗਿਣਤੀ ਸਿਖਾਈ ਗਈ੍ਰ 29 ਮਈ ਨੂੰ ਰੀਅਲ ਲਾਈਫ ਪ੍ਰਤੀ ਜ਼ਿੰਦਗੀ ਦੀ ਬੋਲਚਾਲ ਸਿਖਾਈ ਗਈ੍ਰ 30 ਮਈ ਨੂੰ ਮਿਊਜ਼ਿਕ,ਡਾਂਸ ਤੇ ਪੇਂਟਿੰਗ ਸਿਖਾਇਆ ਗਿਆ੍ਰ 31 ਮਈ 2025 ਨੂੰ ਤੇਲਗੂ ਭਾਸ਼ਾ ਵਿੱਚ ਸਬਜ਼ੀਆਂ, ਫਲਾਂ ਤੇ ਮਸਾਲਿਆਂ ਦੀ ਜਾਣਕਾਰੀ ਦਿੱਤੀ ਗਈ੍ਰ 2 ਜੂਨ 2025 ਨੂੰ ਤਾਮਿਲ ਸੱਭਿਆਚਾਰ ਤੇ ਸਥਾਨਿਕ ਹੀਰੋ ਬਾਰੇ ਦੱਸਿਆ ਗਿਆ੍ਰ 3 ਜੂਨ ਨੂੰ ਤਾਮਿਲ ਹਿਸਟਰੀ,ਭਗੋਲਿਕ ਸਥਿਤੀਆਂ, ਦਰਿਆਵਾਂ,ਪਹਾੜਾਂ ਦੀ ਜਾਣਕਾਰੀ ਦਿੱਤੀ ਗਈ੍ਰ 4 ਜੂਨ 2025 ਨੂੰ ਬੱਚਿਆਂ ਨੂੰ ਇਸ ਪ੍ਰੋਗਰਾਮ ਵਿੱਚ ਹਿੱਸਾ ਲੈਣ ਲਈ ਉਹਨਾ ਦੀ ਪ੍ਰਸੰਸਾ ਕੀਤੀ ਗਈ੍ਰ ਤਾਮਿਲ ਭਾਸ਼ਾ ਪ੍ਰਤੀ ਉਹਨਾਂ ਦੀ ਉਤਸ਼ਕਤਾ ਨੂੰ ਸਲਾਇਆ ਗਿਆ੍ਰ ਇਸ ਪ੍ਰੋਗਰਾਮ ਵਿੱਚ ਸਕੂਲ ਦੇ ਡਾਇਰੈਕਟਰ ਡਾਕਟਰ ਮੰਗਲ ਸਿੰਘ ਕਿਸ਼ਨਪੁਰੀ, ਪ੍ਰਿੰਸੀਪਲ ਅਮਰਪ੍ਰੀਤ ਕੌਰ,ਵਾਇਸ ਪ੍ਰਿੰਸੀਪਲ ਗੁਰਪ੍ਰੀਤ ਕੌਰ, ਕੋਆਰਡੀਨੇਟਰ ਸ਼ਿਲਪਾ ਸ਼ਰਮਾ ਉਚੇਚੇ ਤੌਰ ਤੇ ਹਾਜਿਰ ਰਹੇ ਤੇ ਬੱਚਿਆਂ ਦੀ ਹੌਸਲਾ ਹਫਜਾਈ ਕੀਤੀ੍ਰ

# ਨਿੱਕੇ ਬੱਚਿਆਂ ਦੀ ਸਾਂਭ-ਸੰਭਾਲ ਅਤੇ ਮੁਢਲੀ ਸਿੱਖਿਆ ਸਕੀਮ (ਈ.ਸੀ.ਸੀ.ਈ.) ਅਧੀਨ ਸਕੂਲ ਰਜਿਸਟਰਡ ਕਰਵਾਉਣ ਦੀ ਹਦਾਇਤ

**ਅੰਮ੍ਰਿਤਸਰ / ਮਲਕੀਅਤ ਸਿੰਘ**



ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਵੱਲੋਂ ਬੱਚਿਆਂ ਦੇ ਸਰਬਪੱਖੀ ਵਿਕਾਸ ਲਈ ਪੰਜਾਬ ਸਰਕਾਰ ਵੱਲੋਂ ਪ੍ਰੀਵੇਟ ਸਕੂਲ/ਸੰਸਥਾਵਾਂ/ਪਲੇਅ-ਵੇਅ ਸਕੂਲਾਂ ਜੋ ਕਿ ਅਰਲੀ ਚਾਈਲਡ ਕੇਅਰ ਐਂਡ ਐਜੂਕਸ਼ਨ ਦੇ ਖੇਤਰ ਵਿੱਚ ਕੰਮ ਕਰ ਰਹੀਆਂ ਹਨ ਨੂੰ ਰਜਿਸਟਰ ਕਰਨ ਲਈ ਨੋਟੀਫੇਕਸ਼ਨ ਜਾਰੀ ਕੀਤਾ ਗਿਆ ਹੈ। ਇਹ ਜਾਣਕਾਰੀ ਦਿੰਦਿਆਂ ਸ਼ ?ਰੀਮਤੀ ਮੀਨਾ ਦੇਵੀ ਜਿਲ੍ਹਾ ਪ੍ਰੋਗਰਾਮ ਅਫਸਰ ਅੰਮ੍ਰਿਤਸਰ ਨੇ ਦੱਸਿਆ ਕਿ ਪੰਜਾਬ ਰਾਜ ਵਿੱਚ 3-6 ਸਾਲ ਦੇ ਬੱਚਿਆਂ ਲਈ ਈ.ਸੀ.ਸੀ.ਈ. ਖੇਤਰ ਵਿੱਚ ਕੰਮ ਕਰ ਰਹੀਆਂ ਸੰਸਥਾਵਾਂ ਦੀ ਵਿਭਾਗ ਵੱਲੋਂ ਰਜਿਸਟ ?ਰੇਸ਼ਨ ਸ਼ੁਰੂ ਕੀਤੀਆਂ ਗਈ ਹੈ। ਜਿਹਨਾਂ ਸਕੂਲਾਂ ਵਲੋਂ ਹਲੇ ਤੱਕ ਵੀ ਆਪਣੇ ਸਕੂਲ ਦੀ ਰਜਿਸਟ ?ਰੇਸ਼ਨ ਨਹੀਂ ਕਰਵਾਈ ਗਈ ਉਹਨਾਂ ਲਈ 31 ਜੂਨ ਤੱਕ ਆਪਣੇ ਸਕੂਲ ਦੀ ਰਜਿਸਟ ?ਰੇਸ਼ਨ ਕਰਵਾਉਣੀ ਲਾਜਮੀ ਹੈ। ਇਸ ਸਬੰਧ ਵਿੱਚ ਵਿਭਾਗ ਦੀ ਵੈਬਸਾਈਟ ਤੇ ਵਧੇਰੇ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ। ਇਹ ਰਜਿਸਟ ?ਰੇਸ਼ਨ ਜਿਲ੍ਹਾ ਪ੍ਰੋਗਰਾਮ ਅਫਸਰ ਅੰਮ੍ਰਿਤਸਰ 24, ਮਜੀਠਾ ਰੋਡ ਅੰਮ੍ਰਿਤਸਰ ਵਿਖੇ ਹੋਵੇਗੀ। ਅਨਰਜਿਸਟਰਡ ਸੰਸਥਾਵਾਂ ਵਿਰੁੱਧ ਵਿਭਾਗੀ ਹਦਾਇਤਾਂ ਅਨੁਸਾਰ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਰਜਿਸਟ ?ਰੇਸ਼ਨ ਲਾਜਮੀ ਬਣਾਉਣ ਲਈ ਤੁਰੰਤ ਦਫਤਰ ਜਿਲ੍ਹਾ ਪ੍ਰੋਗਰਾਮ ਅਫਸਰ ਅੰਮ੍ਰਿਤਸਰ ਜਾਂ ਸਬੰਧਤ ਬਲਾਕ ਦੇ ਸੀ.ਡੀ.ਪੀ.ਓ. ਜਿਲ੍ਹਾ ਅੰਮ੍ਰਿਤਸਰ ਨਾਲ ਤਾਲਮੇਲ ਕਰ ਕੇ ਐਪਲੀਕੇਸ਼ਨ ਫਾਰਮ ਨੰਬਰ-1 ਪ੍ਰਾਪਤ ਕੀਤਾ ਜਾ ਸਕਦਾ ਹੈ। ਜੇਕਰ ਰਜਿਸਟ ?ਰੇਸ਼ਨ ਦੌਰਾਨ ਕਿਸੇ ਕਿਸਮ ਦੀ ਪ੍ਰੇਸ਼ਾਨੀ ਹੁੰਦੀ ਹੈ ਤਾਂ ਦਫਤਰ ਜਿਲ੍ਹਾ ਪ੍ਰੋਗਰਾਮ ਅਫਸਰ ਅੰਮ੍ਰਿਤਸਰ ਜਾਂ ਸਬੰਧਤ ਬਲਾਕ ਦੇ ਸੀ.ਡੀ.ਪੀ.ਓ. ਜਿਲ੍ਹਾ ਅੰਮ੍ਰਿਤਸਰ ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਹਰੇਕ ਪਲੇਅ-ਵੇਅ ਸਕੂਲ ਨੂੰ ਰਜਿਸਟਰਡ ਕਰਵਾਉਣਾਂ ਲਾਜਮੀ ਹੈ। ਜਿਲ੍ਹੇ ਅਧੀਨ ਸਾਰੇ ਪ੍ਰਾਈਵੇਟ ਸਕੂਲ/ਸੰਸਥਾਵਾਂ/ਪਲੇਅ ਵੇਅ ਸਕੂਲਾਂ ਦੀ ਚੈਕਿੰਗ ਕੀਤੀ ਜਾਵੇਗੀ। ਜੇਕਰ ਕੋਈ ਪ੍ਰਾਈਵੇਟ ਸਕੂਲ/ਸੰਸਥਾਵਾਂ/ਪਲੇਅ-ਵੇਅ ਸਕੂਲ ਪਾਲਿਸੀ ਦੇ ਮਾਪਦੰਡ ਨੂੰ ਪੂਰਾ ਨਹੀਂ ਕਰਦੇ ਹਨ ਤਾਂ ਉਸ ਨੂੰ ਬੰਦ ਕਰ ਦਿੱਤਾ ਜਾਵੇਗਾ।

# ਮਲਟੀਪਰਪਜ਼ ਹੈਲਥ ਵਰਕਰ ਮੇਲ ਕੇਡਰ ਨੂੰ ਆ ਰਹੀਆਂ

## ਚਨੌਤੀਆਂ ਦੂਰ ਕਰਨ ਅਤੇ ਭਵਿੱਖ ਵਿੱਚ ਉਲੀਕੀਆਂ ਜਾਣ ਵਾਲੀਆਂ ਯੋਜਨਾਵਾਂ ਦੇ ਸਬੰਧ ਵਿੱਚ ਸੀਨੀਅਰ ਲੀਡਰਸ਼ਿਪ ਨੇ ਕੀਤੀ ਮੀਟਿੰਗ : ਉੱਪਲ ,ਰਾਜਦੀਪ, ਸੋਹੀ

**ਅੰਮ੍ਰਿਤਸਰ / ਮਲਕੀਅਤ ਸਿੰਘ**

ਮਲਟੀਪਰਪਜ਼ ਹੈਲਥ ਵਰਕਰ ਮੇਲ ਕੇਡਰ ਦੀ ਸੀਨੀਅਰ ਲੀਡਰਸਿਪ ਨੇ ਇੱਕ ਵਿਸ਼ੇਸ਼ ਮੀਟਿੰਗ ਪ੍ਰਭਜੀਤ ਸਿੰਘ ਉੱਪਲ,ਰਾਜਦੀਪ ਸਿੰਘ ਹੁਸ਼ਿਆਰਪੁਰ ,ਗੁਰਵੇਲ ਸਿੰਘ ਸੋਹੀ ,ਨਿਸਾਨ ਸਿੰਘ ਗੁਰਦਾਸਪੁਰ ਦੀ ਅਗਵਾਈ ਵਿੱਚ ਕੀਤੀ ਗਈ। ਇਸ ਮੀਟਿੰਗ ਵਿੱਚ ਬਹੁ ਮੰਤਵੀ ਸਿਹਤ ਕਰਮਚਾਰੀ ਐਸੋਸੀਏਸ਼ਨ ਪੰਜਾਬ (ਬਸਕਾ) ਦੇ ਪੰਜਾਬ ਪ੍ਰਧਾਨ ਗਗਨਦੀਪ ਸਿੰਘ ਖਾਲਸਾ ਤੇ ਮੁੱਖ ਸਲਾਹਕਾਰ ਸੰਦੀਪ ਸਿੰਘ ਰਾਮਦਾਸ ਵੀ ਹਾਜ਼ਰ ਹੋਏ । ਸਾਰੇ ਸਾਥੀਆਂ ਨੇ ਬੇਬਾਕ ਅਤੇ ਨਿਰਪੱਖ ਹੋ ਕੇ ਆਪਣੇ ਵਿਚਾਰ ਪੇਸ਼ ਕੀਤੇ। ਕਈ ਭਖਦੇ ਮੁੱਦਿਆਂ ਤੇ ਵੀ ਵਿਸਥਾਰਪੂਰਵਕ ਚਰਚਾ ਕੀਤੀ ਗਈ।

ਮਲਟੀਪਰਪਜ਼ ਹੈਲਥ ਵਰਕਰ ਮੇਲ ਕੇਡਰ ਦੀਆਂ ਮੁੱਖ ਮੰਗਾਂ ਜਿਵੇਂ ਨਾਮ ਬਦਲੀ ,ਕੱਟੇ ਭੱਤੇ ਬਹਾਲ ਕਰਵਾਉਣਾਂ , ਸਤਵੇਂ ਪੇਅ ਕਮੀਸ਼ਨ ਵਿਚ ਭਰਤੀ ਹੋਏ ਸਾਥੀਆਂ ਤੇ ਛੇਵਾਂ ਪੇਅ ਕਮੀਸ਼ਨ ਲਾਗੂ ਕਰਵਾਉਣਾ , ਪ੍ਰੋਮਸ਼ਨ ਲਿਸਟ ਜਾਰੀ ਕਰਵਾਉਣੀ, ਨਵੀਂ ਭਰਤੀ ਜਲਦੀ ਕਰਨਾ ਆਦਿ ਮਸਲਿਆਂ ਤੇ ਤਿੱਖੇ ਸੰਘਰਸ਼ ਉਲੀਕਣ ਸੰਬੰਧੀ ਵੀ ਚਰਚਾ ਕੀਤੀ ਗਈ। ਕੇਡਰ ਦੀ ਇੱਕਜੁੱਟਤਾ, ਜੱਥੇਬੰਦੀ ਦਾ ਵਿਸਤਾਰ, ਬਲਾਕ ਅਤੇ ਜਿਲ਼ਾ ਪੱਧਰ ਤੇ ਕਮੇਟੀਆਂ ਦੀ ਚੋਣ,



ਸਟੇਟ ਪੱਧਰ ਤੇ ਕਨਵੈਨਸ਼ਨ ਕਰਾਉਣ ਅਤੇ ਹਰੇਕ ਜਿਲੇ ਵਿੱਚੋਂ ਸਟੇਟ ਪੱਧਰ ਨੁਮਾਇੰਦਗੀ ਦੇਣ ਸੰਬੰਧੀ ਵੀ ਚਰਚਾ ਕੀਤੀ ਗਈ।

ਮਲਟੀਪਰਪਜ਼ ਹੈਲਥ ਵਰਕਰ ਮੇਲ ਕੇਡਰ ਨੂੰ ਪੈਰਾਮੈਡੀਕਲ ਅਤੇ ਹੋਰ ਭਰਾਤਰੀ ਫੈਡਰੇਸ਼ਨਾਂ ਵਿੱਚ ਬਣਦੀ ਨੁਮਾਇੰਦਗੀ ਦੇਣ ਸੰਬੰਧੀ ਵੀ ਯਤਨ ਕੀਤੇ ਜਾਣਗੇ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸਾਰੀ ਸੀਨੀਅਰ ਲੀਡਰਸ਼ਿਪ ਵੱਲੋਂ ਸਾਂਝੇ ਤੌਰ ਤੇ ਕੀਤਾ ਗਿਆ। ਜਲਦੀ ਹੀ ਇੱਕ ਵੱਡਾ ਸੰਘਰਸ਼ ਉਲੀਕ ਕੇ ਕੇਡਰ ਦੇ ਭਖਦੇ ਮਸਲਿਆਂ ਨੂੰ ਹੱਲ ਕਰਨ ਲਈ ਸਿਹਤ ਮੰਤਰੀ ਦਾ ਘਿਰਾਓ ਕੀਤਾ ਜਾਵੇਗਾ। ਇਸ ਮੌਕੇ ਤੇ ਹੁਸ਼ਿਆਰਪੁਰ ਤੋਂ ਜਸਬੀਰ ਕੁਮਾਰ,ਬਲਵਿੰਦਰ ਸਿੰਘ ਸੈਣੀ ਅੰਮ੍ਰਿਤਸਰ ਤੋਂ ਕਲਬੀਰ ਸਿੰਘ ਲੋਪੋਕੇ ਤੇ ਹਰਪਾਲ ਸਿੰਘ ਲੋਪਕੇ ਤੇ ਮੁਖਤਾਰ ਸਿੰਘ,ਤਜਿੰਦਰ ਸਿੰਘ ਤੇ ਚੰਦ ਸਿੰਘ ਬਲਜਿੰਦਰ ਸਿੰਘ ਰਾਮਦਾਸ ਬਲਾਕ ਤੇ ਪਵਨ ਕੁਮਾਰ ਰਜਿੰਦਰ ਸਿੰਘ,ਮਨਦੀਪ ਸਿੰਘ ਵੇਰਕਾ ਬਲਾਕ ਤੇ ਜ਼ਿਲਾ ਗੁਰਦਾਸਪੁਰ ਤੋਂ ਗੁਰਮੀਤ ਸਿੰਘ,ਗੁਰਵਿੰਦਰ ਸਿੰਘ ਦੀਪ ਸਿੰਘ,ਜ਼ਿਲਾ ਜਲੰਧਰ ਤੋਂ ਬਲਜਿੰਦਰ ਸਿੰਘ ਉੱਪਲ ਪਰਮਜੀਤ ਸਿੰਘ,ਸੰਦੀਪ ਸਿੰਘ ਵਿਛੋਆ ਤੇ ਹੋਰ ਸਾਥੀ ਹਾਜ਼ਰ ਸਨ।

## ਅਜੋਕਾ ਸਿੱਖੀ ਪ੍ਰਚਾਰ ਬਨਾਮ

ਫਰੈਂਕਫ਼ੋਰਟ ਸ਼ਹਿਰ ਦੇ ਧੁਰ ਅੰਦਰ ਇੱਕ ਇਤਿਹਾਸਕ ਇਮਾਰਤ ਏ Kleinmarkthalle ! ਭਾਵ ਛੋਟੀ ਮੰਡੀ ! ਇਹ ਇਮਾਰਤ ਦੂਜੀ ਸੰਸਾਰ ਯੁੱਧ ਵੇਲੇ ਢੱਠ ਕੇ ਥੇਹ ਬਣ ਗਈ ਸੀ । ਯੁੱਧ ਸਮਾਪਤੀ ਉਪਰੰਤ ਇਸ ਨੂੰ ਫੇਰ ਖੜੀ ਕਰ ਲਿਆ ਗਿਆ । ਲਗਭਗ ਸੱਤਰ ਸਾਲ ਪੁਰਾਣੀ ਇਸ ਇਮਾਰਤ ਨੂੰ ਬੀਤੇ ਦਿਨੀ ਢਾਹ ਕੇ ਨਵੇਂ ਸਿਰਿਓ ਬਣਾਉਣ ਦੀ ਗੱਲ ਵੀ ਚੱਲੀ ਪਰ ਸ਼ਹਿਰ ਦੇ ਵਸਨੀਕ ਇਸਨੂੰ ਵਿਰਾਸਤੀ ਇਮਾਰਤ ਮੰਨਦੇ ਹਨ ਉਹਨਾਂ ਨੇ ਢਹੁਣ ਵਾਲੇ ਮਤੇ ਤੇ ਗੁਣਾ ਨਾ ਪਾਇਆ । ਲੰਮੀ ਚੌੜੀ ਬਹਿਸ , ਬੈਠਕਾਂ ਤੇ ਮੀਟਿੰਗਾਂ ਮਗਰੋਂ ਫੈਸਲਾ ਹੋਇਆ ਕਿ ਇਸ ਨੂੰ ਹਿਸਿਆਂ ਵਿੱਚ ਵੰਡ ਕੇ ਮੁਰੰਮਤ ਕੀਤੀ ਜਾਵੇ ਤੇ ਪੁਰਾਣੀ ਦਿੱਖ ਵੀ ਕਾਇਮ ਰਹੇ । ਇਸ ਮੁਰੰਮਤ ਨੂੰ ਸ਼ਾਇਦ ਕੁਹ ਸਾਲਾਂ ਦਾ ਸਮਾਂ ਵੀ ਲੱਗ ਸਕਦਾ !

ਇਸ ਵੱਡੇ ਹਾਲ ਨੂੰ ਮੁਰੰਮਤ ਕਰਨ ਦਾ ਇੱਕ ਮੁੱਖ ਕਾਰਨ ਬੇਸਮੈਂਟ ਵੀ ਹੈ ਜੋ ਪੁਰਾਣੀ ਹੋਣ ਕਾਰਨ ਚੂਹਿਆਂ ਦਾ ਅਨੰਦ ਮਈ ਰੈਣ ਬਸੇਰਾ ਹੈ । ਅਣਗਿਣਤ ਚੂਹਿਆਂ ਦਾ ਰਾਤ ਨੂੰ ਮਾਰਕੀਟ ਹਾਲ ਤੇ ਪੂਰਨ ਕਬਜ਼ਾ ਹੁੰਦਾ ਹੈ । ਸਿਹਤ ਵਿਭਾਗ ਵਾਲੇ ਸਮੇਂ ਸਮੇਂ ਤੇ ਕੈਮੀਕਲ ਦਵਾਈਆਂ ਰਾਹੀਂ ਚੂਹਿਆਂ ਤੇ ਮਾਰੂ ਹੱਲੇ ਕਰਦੇ ਰਹਿੰਦੇ ਹਨ । ਪਰ ਫਿਰ ਵੀ ਚੂਹੇ ਆਪਣੀ ਹੋਂਦ ਬਚਾਉਣ ਚ, ਕਾਮਯਾਬ ਹੋ ਹੀ ਜਾਦੇ ਨੇ ਤੇ ਆਪਣੀ ਨਵੀਂ ਜੱਥੇਬੰਦੀ ਨਾਲ ਹਮਲਾਵਰ ਹੋ ਕੇ ਨਿੱਤਰ ਆਉਂਦੇ ਨੇ ! ਵਰਨਣਯੋਗ ਹੈ ਕਿ ਚੂਹੇ ਬੜੀ ਸਿਆਣੀ ਜਾਤ ਚ, ਗਿਣੇ ਜਾਂਦੇ ਹਨ ।

ਪਿੱਛਲੇ ਵਰ੍ਹੇ ਭਰ ਸਿਆਲ ਦੀ ਮਾਈਨਸ ਤਾਪਮਾਨ ਠੰਡ ਵਿੱਚ ਹਾਲ ਦੀ ਪਹਿਲੀ ਮੰਜ਼ਲ ਦੇ ਛੱਤ Terrace ਤੇ ਕੰਮ ਕਰਦਿਆਂ ਮੇਰੀ ਨਿਗਾਹ ਦੋ ਕਰਮਚਾਰੀਆਂ ਤੇ ਪਈ ਜੋ ਚੂਹੇ ਮਾਰ ਦਵਾਈ ਵੱਖੋ ਵੱਖਰੀਆਂ ਥਾਂਵਾਂ ਤੇ ਟਿਕਾ ਰਹੇ ਸਨ । ਵਾਹਵਾ ਠੰਡ ਕਾਰਨ ਮੈਂ ਉਹਨਾਂ ਨੂੰ ਕਾਫ਼ੀ ਦੀ ਸੁਲ੍ਹਾ ਮਾਰ ਲਈ, ਠੰਡ ਦੇ ਝੰਬਿਆਂ ਨੇ ਝੱਟ ਹਾਮੀ ਭਰ ਦਿੱਤੀ ! ਮੈਂ ਦੋ ਮੱਗ ਤੱਤੀ ਤੱਤੀ ਕੌਫ਼ੀ ਦੇ ਫੜਾ ਕੇ ਗਲੀਂ ਜੁੱਟ ਪਿਆ ! ਇੱਕ ਤੁਰਕੀ ਮੁਲਕ ਵਾਲਾ ਉਮੇਰ ਨਾਂ ਆਲਾ ਭਾਊ ਵਾਹਵਾ ਗਾਲੜੀ ਸੀ ਤੇ ਗੱਲਬਾਤ ਦਾ ਵਿਸ਼ਾ ਵੀ "ਚੂਹੇ ਕਿਲੰਗ ਅਪਰੇਸ਼ਨ"ਤੇ ਸੀ ! ਮੈਂ ਉਹਨੂੰ ਦੱਸਿਆ ਕਿ ਨਿੱਕੇ ਹੁੰਦਿਆਂ ਅੰਹੀ ਬੜੇ ਚੂਹੇ ਗੱਡੀ ਚਾੜੇ ! ਰਾਤ ਦੇ ਕੜਿੱਕੀਆਂ ਚ, ਫਸੇ ਚੂਹਿਆਂ ਦੀਆਂ ਲਾਸ਼ਾਂ ਬਿਲੇ ਲਾਉਣ ਦੀ ਡਿਊਟੀ ਮੇਰੀ ਹੁੰਦੀ ਸੀ । ਤੁਰਕੀ ਭਾਊ ਕਹਿੰਦਾ ਕਿ, ਸਿੰਘ ਤਾਹਡੇ ਚੂਹੇ ਮਾਰ ਦਵਾਈ ਨੀ ਹੁੰਦੀ ? ਮੈਹਿਆ ਭਰਾਵਾ ਹਿੰਦੋਸਤਾਨ ਚ, ਭ੍ਰਿਸ਼ਟਾਚਾਰ ਈ ਏਨਾ ਵਾਂ ਕਿ ਲੋਕ ਜ਼ਹਿਰ ਚ, ਵੀ ਮਿਲਾਵਟ ਕਰਦੇ ਆ ! ਚੂਹੇ ਮਰਦੇ ਕਿੱਥੇ ਸੀ ! ਅਗਲੀ ਸਵੇਰ ਭੰਗੜਾ ਪਾਉਂਦੇ ਸੀ !

ਉਮੇਰ ਹਾਸੇ ਵਾਲੀ ਗੱਲ ਨੂੰ ਗੰਭੀਰਤਾ ਨਾਲ ਅੱਗੇ ਤੋਰਦਾ ਆਖਦਾ ਨਹੀਂ ਸਿੰਘ ਇਹ ਚੂਹੇ ਬੜੀ ਸਿਆਣੀ ਜਾਤ ਹੁੰਦੇ ਆ ! ਇਹਨਾਂ ਚ, ਜਦੋਂ ਕੋਈ ਚੂਹਾ ਦਵਾਈ ਖਾ ਕੇ ਰੱਬ ਨੂੰ ਪਿਆਰਾ ਹੋ ਜਾਂਦਾ ਤਾਂ ਬਾਕੀ ਸੁਚੇਤ ਹੋ ਜਾਂਦੇ ਨੇ ਤੇ ਦਵਾਈ ਨੂੰ ਮੂੰਹ ਨਹੀਂ ਲਾਉਂਦੇ ! ਮੈਂ ਤੁਰੰਤ ਸਵਾਲ ਕੀਤਾ ਫਿਰ ਤੁੰਹੀ ਦਵਾਈ ਰੱਖ ਕੇ ਸਮਾਂ ਖਰਾਬ ਕਿੰਓ ਕਰਨ ਡਹੇ ਜੇ ! ਓਹਨੇ ਦੱਸਿਆ ਕਿ ਹੁਣ ਇਹ Difenacoum ਨਾਂ ਦੀ ਦਵਾਈ ਦੀ ਇੱਕ ਵਿਸ਼ੇਸ਼ ਕਿਸਮ ਆਈ ਆ ਇਹ ਚਾਰ ਦਿਨ ਬਾਅਦ ਰੰਗ ਵਿਖਾਉਂਦੀ ਏ ! ਚੂਹੇ ਸਵਾਦ ਸਵਾਦ ਵਿੱਚ ਖਾਈ ਜਾਂਦੇ ਨੇ ਤੇ ਫੇਰ ਬੜੀ ਦੇਰ ਹੋ ਚੁੱਕੀ ਹੁੰਦੀ ਆ ! ਭਾਵ ਸਲੋਅ ਪੋਇਜ਼ਨ ! ਮੇਰਾ ਮੱਥਾ ਠਣਕਿਆ ਤੇ ਉਹ ਚਲੇ ਗਏ !

ਇਹ Difenacoum ਨਾਂ ਦੀ ਜ਼ਹਿਰ ਮੇਰੇ ਦਿਮਾਗ਼ ਚ, ਘੁੰਮਣ ਲੱਗੀ ਤੇ ਮੇਰਾ ਧਿਆਨ ਅਜੋਕੇ ਅਪਗ੍ਰੇਡ ਪ੍ਰਚਾਰ ਵੱਲ ਚਲਾ ਗਿਆ ਕਿ ਕਿਸ ਤਰਾਂ ਸੋਚੀ ਸਮਝੀ ਸਾਜ਼ਿਸ਼ ਤਹਿਤ ਇੱਕ ਜ਼ਹਿਰ ਸਾਡੇ ਸਿਰਾਂ ਵਿੱਚ ਤੁੰਨਿਆ ਜਾ ਰਿਹਾ ! ਲੋਕ ਝਬਰ ਝਬਰ ਇਹ ਆਪਣੇ ਖੋਪੜ ਵਿੱਚ ਤੁੰਨ ਲੈਂਦੇ ਨੇ ਤੇ ਮਾਨਸਿਕ ਨਪੁੰਸਕ ਹੋ ਜਾਂਦੇ ਆ ! ਫੇਰ ਜਾਗਦਾ ਤਰਕ ਵਾਲਾ ਕੀੜਾ ! ਸਰੋਵਰਾਂ ਤੇ ਸ਼ੱਕ , ਅਰਦਾਸ ਤੇ ਸ਼ੱਕ, ਬਾਣੀਆਂ ਤੇ ਸ਼ੱਕ ਇਤਿਹਾਸਿਕ ਸਰੋਤਾਂ ਤੇ ਤਰਕ, ਅੰਮ੍ਰਿਤ ਦੀ ਪਹੁਲ ਤੇ ਸ਼ੱਕ, ਗੱਲ ਕੀ ਆਪਣੇ ਨਾਂ ਪਿੱਛੇ ਲੱਗੇ ਸਿੰਘ ਕੌਰ ਤੇ ਖ਼ਾਲਸਾ ਤੱਖਲਸ ਬਾਰੇ ਵੀ ਵਹਿਮ ! ਕਿੰਓਕਿ ਸਿੰਘ,ਕੌਰ ਤੇ ਖ਼ਾਲਸਾ ਵੀ ਤੇ ਅੰਮ੍ਰਿਤ ਦੀ ਦਾਤ ਮਗਰੋਂ ਹੀ ਬਖਸ਼ਿਸ਼ ਹੋਏ ਆ ਨਾਂ ! ਤੇ ਜੇ ਮੁੱਢ ਤੇ ਸ਼ੱਕ ਤੇ ਸੱਭ ਕੁਹ ਸ਼ੱਕੀ !

ਇਹ ਪ੍ਰਚਾਰ ਜਿਸਦੀ ਜਿਆਦਾ ਹਨੇਰੀ 1995 ਮਗਰੋਂ ਪ੍ਰਚੰਡ ਹੋਈ ਦਾ ਅਸਰ ਪੰਜਾਬ ਚ, ਸਪਸ਼ਟ ਨਜ਼ਰ ਆਉਂਦਾ ਕਿ ਪੰਜਾਬ ਦੀ ਨੌਜਵਾਨੀ ਕਿਸ ਤਰਾਂ ਨਸ਼ਿਆਂ ਚ, ਗ਼ਰਕ ਹੋਈ, ਇਸਾਈਅਤ ਦਾ ਬੋਲ ਬਾਲਾ ਕਿਸ ਕਦਰ ਵਧਿਆ ! ਢੱਡਰੀਆਂ ਵਾਲੇ ਦਾ ਪ੍ਰਚਾਰ ਸੁਣ ਨੌਜਵਾਨਾਂ ਕੇਸ ਤੱਕ ਕਤਲ ਕਰਦਿਆਂ ਤੱਕ ਦੀਆਂ ਵੀਡੀਓ ਲੋਕਾਂ ਨੇ ਵੇਖੀਆਂ ! ਦਰਅਸਲ ਇਹਨਾਂ ਪਿੱਛੇ ਹਕੂਮਤਾਂ ਦਾ ਅਸ਼ੀਰਵਾਦ ਏ ! ਜੋ ਇਹਨਾਂ ਨੂੰ ਸੁਰੱਖਿਆ ਛੱਤਰੀ ਦੇਂਦੀਆਂ ਨੇ ਹਲਾਸ਼ੇਰੀ ਤੇ ਦਮੜੇ ਟਿਕਟਾਂ ਤੱਕ ਸਰਕਾਰੀ !

ਜੂਨ ਦੇ ਮਹੀਨੇ ਦਾ ਚੜਦਾ ਹਫਤਾ ਸਿੱਖਾਂ ਲਈ ਬੈਰਾਗਮਈ ਤੇ ਬੀਰ ਰੱਸੀ ਵੀ ਹੈ ਬੜੇ ਸਿੰਘ ਸਿੰਘਣੀਆਂ ਅਜੇ ਵੀ ਜਿੰਓਦੇ ਜਾਗਦੇ ਚੜਦੀ ਕਲਾ ਵਿੱਚ ਹਨ ਜਿਨ੍ਹਾਂ ਨੇ ਇਹ ਕਹਿਰ ਵੇਖਿਆ ਤੇ ਕਈਆਂ ਨੇ ਹੱਢੀਂ ਹੰਢਾਇਆ ! ਅਨੇਕਾਂ ਚਸ਼ਮਦੀਦ ਗਵਾਹ ਹਨ ਜਿੰਨਾਂ ਨੇ ਜੂਨ ਚੁਰਾਸੀ ਦੇ ਮਰਜੀਵੜੇ ਸਿੰਘਾ ਦੇ ਦਰਸ਼ਨ ਕੀਤੇ ਜੋ ਪੰਜ ਬਾਣੀਆਂ ਦੇ ਧਾਰਨੀ, ਵਾਰ ਸ੍ਰੀ ਭਗੌਤੀ ਜੀ ਕੀ ਪਾਤਸ਼ਾਹੀ ਦਸਵੀਂ ਦੀ ਅਰਦਾਸ ਵਾਲੇ ਤੇ ਚੰਡੀ ਦੀ ਵਾਰ ਪੜਨ ਵਾਲੇ ਯੁੱਧਵੀਰ ਸੰਤ ਸਿਪਾਹੀ ਸੂਰਮੇ ਸਨ । ਇਹਨਾਂ ਤੋ ਬਾਅਦ ਵੀ ਰੜੇ ਮੈਦਾਨ ਕਮਾਦਾਂ ਦੀਆਂ ਧੋੜੀਆਂ ਤੇ ਕੱਚੇ ਕੋਠਿਆਂ ਚੁਬਾਰਿਆਂ ਦਾ ਆਸਰਾ ਲੈਕੇ ਕਈ ਕਈ ਦਿਨ ਮੁਕਾਬਲੇ ਕਰਨ ਵਾਲੇ ਵੀ ਦਸਮ ਦੀ ਬਾਣੀ ਤੇ ਪੂਰਨ ਨਿਸ਼ਚਾ ਰੱਖਣ ਵਾਲੇ ਸਨ ! ਇਹਨਾ ਸਿੰਘਾਂ ਨੂੰ ਜਦੋਂ ਹਕੂਮਤ ਨੇ ਪੁਰਾਤਨ ਸਿੰਘਾਂ ਵਾਂਗ ਇਤਿਹਾਸ ਦੁਹਰਾਉਂਦੇ ਵੇਖਿਆ ਤਾਂ ਇਹ ਅਪਗ੍ਰੇਡ ਕਾਂਗਿਆਰੀ ਪੰਥ ਵਿੱਚ ਵਾੜੀ ਗਈ ! ਮਕਸਦ ਸੀ ਬੀਰਰਸ ਨੂੰ ਕੱਢਣਾ , ਸੰਤ ਸਿਪਾਹੀ ਬਿਰਤੀ ਦਾ ਨਿਖੇੜਾ ਕਰਨਾ, ਤੇ ਭਗਤੀ ਸ਼ਕਤੀ ਨੂੰ ਵੱਖ ਕਰ ਬ੍ਰਹਮਣ ਵਾਂਗ ਮੰਤਰ ਪੜਨ ਲਾਉਣਾ ਤੇ ਆਪਣੀ ਪੂਜਾ ਦਾ ਜੁਗਾੜ ਕਰਨਾ ਬੱਸ !

ਅਬਦਾਲੀ ਨੇ ਸਰੋਵਰ ਇਸ ਕਰਕੇ ਪੂਰਿਆ ਕੇ ਉਹਨੂੰ ਖ਼ਬਰ ਮਿਲੀ ਕਿ ਇਹ ਸਿੱਖੜੇ ਇਸ ਸਰੋਵਰ ਵਿੱਚੋਂ ਇਸ਼ਨਾਨ ਕਰਕੇ ਅਦੁੱਤੀ ਸ਼ਕਤੀ ਪ੍ਰਾਪਤ ਕਰ ਵੈਰੀ ਤੇ ਕੜਕ ਪੈਂਦੇ ਹਨ । ਉਨ ਇਹ ਕੁਕਰਮ ਕੀਤਾ ਕਿ ਹਰਿਮੰਦਰ ਤੇ ਸਰੋਵਰ ਢਾਹ ਦਿੱਤਾ ! ਹੁਣ ਦੇ ਪਰਚਾਰਿਕ ( ਮੁਆਫ਼ ਕਰਨਾ ਸਾਰੇ ਨਹੀ ) ਇਹ ਵੀ ਓਹੋ ਕੁਕਰਮ ਕਰ ਰਹੇ ਹਨ, ਇਹ ਸਾਡੀਆਂ ਨਸਲਾਂ ਦੇ ਸਿਰਾਂ ਚੋ, ਪਾਵਨ ਸਰੋਵਰ ਮਿਟਾ ਦੇਣਾ ਚੰਹੁਦੇ ਹਨ । ਪ੍ਰਥਮ ਭਗੌਤੀ ਦੀ ਅਰਦਾਸ ਪ੍ਰਤੀ ਇਹ ਭੰਬਲਭੂਸੇ ਪਾ ਰਹੇ ਹਨ ਅੰਮ੍ਰਿਤ ਦੀਆਂ ਬਾਣੀਆ ਤੇ ਕਿੰਤੂ ਪ੍ਰੰਤੂ ਕਰਕੇ ਆਸਥਾ ਤੇ ਸੱਟ ਮਾਰ ਰਹੇ ਹਨ । ਬਸ ਇਹੋ ਇਹਨਾਂ ਦਾ ਮਿਸ਼ਨ ਹੈ !

ਪਰ ਭਲਾ ਹੋਵੇ ਸੋਸ਼ਲ ਮੀਡੀਏ ਦਾ ਤੇ ਇਹਨਾਂ ਦੇ ਪ੍ਰਚਾਰ ਦਾ ਵਿਰੋਧ ਕਰਨ ਵਾਲੇ ਦਸਮ ਦੇ ਦੁਲਾਰਿਆਂ ਦਾ ਜੋ ਇਹਨਾਂ ਬਾਰੇ ਸੰਗਤਾਂ ਨੂੰ ਜਾਗਰੂਕ ਕਰਕੇ ਗੁਰੂ ਦਾ ਹੁਕਮ ਵਜਾ ਰਹੇ ਹਨ । ਇਹੀ ਕਾਰਨ ਹੈ ਕਿ ਇਹ ਪੰਥ ਤੇ ਖ਼ਾਲਸਾ ਰਾਜ ਦੀ ਗੱਲ ਕਰਨ ਵਾਲਿਆਂ ਦੇ ਉਲਟ ਭੁਗਤਦੇ ਹਨ ! ਹੱਕ ਸੱਚ ਦੀ ਗੱਲ ਕਰਨ ਵਾਲੇ ਜਾਂ ਤਾਂ ਪਰਲੋਕ ਭੇਜ ਦਿੱਤੇ ਜਾਂਦੇ ਹਨ ਤੇ ਜਾਂ ਪੰਜਾਬ ਨਿਕਾਲਾ ! ਪਰ ਇਹਨਾ ਦੀ ਸੁਰੱਖਿਆ ਪੱਕੀ ਇਹ ਗੱਲ ਵੀ ਖਾਲਿਸਤਾਨ ਜਿੰਦਾਬਾਦ ਮਹਿਕਮੇ ਵਾਲੇ ਪੱਗਾਂ ਚ, ਸਿਰ ਫਸਾਈ ਅਰਧ ਨਾਸਤਿਕਾਂ ਨੂੰ ਸਮਝ ਲੈਣੀ ਚਹੀਦੀ ਹੈ !

# ਅਜੋਕਾ ਸਿੱਖੀ ਪ੍ਰਚਾਰ ਬਨਾਮ Difenacoum!




ਫਰੈਂਕਫ਼ੋਰਟ ਸ਼ਹਿਰ ਦੇ ਧੁਰ ਅੰਦਰ ਇੱਕ ਇਤਿਹਾਸਕ ਇਮਾਰਤ ਏ Kleinmarkthalle ! ਭਾਵ ਛੋਟੀ ਮੰਡੀ ! ਇਹ ਇਮਾਰਤ ਦੂਜੀ ਸੰਸਾਰ ਯੁੱਧ ਵੇਲੇ ਢੱਠ ਕੇ ਥੇਹ ਬਣ ਗਈ ਸੀ । ਯੁੱਧ ਸਮਾਪਤੀ ਉਪਰੰਤ ਇਸ ਨੂੰ ਫੇਰ ਖੜੀ ਕਰ ਲਿਆ ਗਿਆ । ਲਗਭਗ ਸੱਤਰ ਸਾਲ ਪੁਰਾਣੀ ਇਸ ਇਮਾਰਤ ਨੂੰ ਬੀਤੇ ਦਿਨੀ ਢਾਹ ਕੇ ਨਵੇਂ ਸਿਰਿਓ ਬਣਾਉਣ ਦੀ ਗੱਲ ਵੀ ਚੱਲੀ ਪਰ ਸ਼ਹਿਰ ਦੇ ਵਸਨੀਕ ਇਸਨੂੰ ਵਿਰਾਸਤੀ ਇਮਾਰਤ ਮੰਨਦੇ ਹਨ ਉਹਨਾਂ ਨੇ ਢਹੁਣ ਵਾਲੇ ਮਤੇ ਤੇ ਗੁਣਾ ਨਾ ਪਾਇਆ । ਲੰਮੀ ਚੌੜੀ ਬਹਿਸ , ਬੈਠਕਾਂ ਤੇ ਮੀਟਿੰਗਾਂ ਮਗਰੋਂ ਫੈਸਲਾ ਹੋਇਆ ਕਿ ਇਸ ਨੂੰ ਹਿਸਿਆਂ ਵਿੱਚ ਵੰਡ ਕੇ ਮੁਰੰਮਤ ਕੀਤੀ ਜਾਵੇ ਤੇ ਪੁਰਾਣੀ ਦਿੱਖ ਵੀ ਕਾਇਮ ਰਹੇ । ਇਸ ਮੁਰੰਮਤ ਨੂੰ ਸ਼ਾਇਦ ਕੁਹ ਸਾਲਾਂ ਦਾ ਸਮਾਂ ਵੀ ਲੱਗ ਸਕਦਾ !

ਇਸ ਵੱਡੇ ਹਾਲ ਨੂੰ ਮੁਰੰਮਤ ਕਰਨ ਦਾ ਇੱਕ ਮੁੱਖ ਕਾਰਨ ਬੇਸਮੈਂਟ ਵੀ ਹੈ ਜੋ ਪੁਰਾਣੀ ਹੋਣ ਕਾਰਨ ਚੂਹਿਆਂ ਦਾ ਅਨੰਦ ਮਈ ਰੈਣ ਬਸੇਰਾ ਹੈ । ਅਣਗਿਣਤ ਚੂਹਿਆਂ ਦਾ ਰਾਤ ਨੂੰ ਮਾਰਕੀਟ ਹਾਲ ਤੇ ਪੂਰਨ ਕਬਜ਼ਾ ਹੁੰਦਾ ਹੈ । ਸਿਹਤ ਵਿਭਾਗ ਵਾਲੇ ਸਮੇਂ ਸਮੇਂ ਤੇ ਕੈਮੀਕਲ ਦਵਾਈਆਂ ਰਾਹੀਂ ਚੂਹਿਆਂ ਤੇ ਮਾਰੂ ਹੱਲੇ ਕਰਦੇ ਰਹਿੰਦੇ ਹਨ । ਪਰ ਫਿਰ ਵੀ ਚੂਹੇ ਆਪਣੀ ਹੋਂਦ ਬਚਾਉਣ ਚ, ਕਾਮਯਾਬ ਹੋ ਹੀ ਜਾਦੇ ਨੇ ਤੇ ਆਪਣੀ ਨਵੀਂ ਜੱਥੇਬੰਦੀ ਨਾਲ ਹਮਲਾਵਰ ਹੋ ਕੇ ਨਿੱਤਰ ਆਉਂਦੇ ਨੇ ! ਵਰਨਣਯੋਗ ਹੈ ਕਿ ਚੂਹੇ ਬੜੀ ਸਿਆਣੀ ਜਾਤ ਚ, ਗਿਣੇ ਜਾਂਦੇ ਹਨ ।

ਪਿੱਛਲੇ ਵਰ੍ਹੇ ਭਰ ਸਿਆਲ ਦੀ ਮਾਈਨਸ ਤਾਪਮਾਨ ਠੰਡ ਵਿੱਚ ਹਾਲ ਦੀ ਪਹਿਲੀ ਮੰਜ਼ਲ ਦੇ ਛੱਤ Terrace ਤੇ ਕੰਮ ਕਰਦਿਆਂ ਮੇਰੀ ਨਿਗਾਹ ਦੋ ਕਰਮਚਾਰੀਆਂ ਤੇ ਪਈ ਜੋ ਚੂਹੇ ਮਾਰ ਦਵਾਈ ਵੱਖੋ ਵੱਖਰੀਆਂ ਥਾਂਵਾਂ ਤੇ ਟਿਕਾ ਰਹੇ ਸਨ । ਵਾਹਵਾ ਠੰਡ ਕਾਰਨ ਮੈਂ ਉਹਨਾਂ ਨੂੰ ਕਾਫ਼ੀ ਦੀ ਸੁਲ੍ਹਾ ਮਾਰ ਲਈ, ਠੰਡ ਦੇ ਝੰਬਿਆਂ ਨੇ ਝੱਟ ਹਾਮੀ ਭਰ ਦਿੱਤੀ ! ਮੈਂ ਦੋ ਮੱਗ ਤੱਤੀ ਤੱਤੀ ਕੌਫ਼ੀ ਦੇ ਫੜਾ ਕੇ ਗਲੀਂ ਜੁੱਟ ਪਿਆ ! ਇੱਕ ਤੁਰਕੀ ਮੁਲਕ ਵਾਲਾ ਉਮੇਰ ਨਾਂ ਆਲਾ ਭਾਊ ਵਾਹਵਾ ਗਾਲੜੀ ਸੀ ਤੇ ਗੱਲਬਾਤ ਦਾ ਵਿਸ਼ਾ ਵੀ "ਚੂਹੇ ਕਿਲੰਗ ਅਪਰੇਸ਼ਨ"ਤੇ ਸੀ ! ਮੈਂ ਉਹਨੂੰ ਦੱਸਿਆ ਕਿ ਨਿੱਕੇ ਹੁੰਦਿਆਂ ਅੰਹੀ ਬੜੇ ਚੂਹੇ ਗੱਡੀ ਚਾੜੇ ! ਰਾਤ ਦੇ ਕੜਿੱਕੀਆਂ ਚ, ਫਸੇ ਚੂਹਿਆਂ ਦੀਆਂ ਲਾਸ਼ਾਂ ਬਿਲੇ ਲਾਉਣ ਦੀ ਡਿਊਟੀ ਮੇਰੀ ਹੁੰਦੀ ਸੀ । ਤੁਰਕੀ ਭਾਊ ਕਹਿੰਦਾ ਕਿ, ਸਿੰਘ ਤਾਹਡੇ ਚੂਹੇ ਮਾਰ ਦਵਾਈ ਨੀ ਹੁੰਦੀ ? ਮੈਹਿਆ ਭਰਾਵਾ ਹਿੰਦੋਸਤਾਨ ਚ, ਭ੍ਰਿਸ਼ਟਾਚਾਰ ਈ ਏਨਾ ਵਾਂ ਕਿ ਲੋਕ ਜ਼ਹਿਰ ਚ, ਵੀ ਮਿਲਾਵਟ ਕਰਦੇ ਆ ! ਚੂਹੇ ਮਰਦੇ ਕਿੱਥੇ ਸੀ ! ਅਗਲੀ ਸਵੇਰ ਭੰਗੜਾ ਪਾਉਂਦੇ ਸੀ !

ਉਮੇਰ ਹਾਸੇ ਵਾਲੀ ਗੱਲ ਨੂੰ ਗੰਭੀਰਤਾ ਨਾਲ ਅੱਗੇ ਤੋਰਦਾ ਆਖਦਾ ਨਹੀਂ ਸਿੰਘ ਇਹ ਚੂਹੇ ਬੜੀ ਸਿਆਣੀ ਜਾਤ ਹੁੰਦੇ ਆ ! ਇਹਨਾਂ ਚ, ਜਦੋਂ ਕੋਈ ਚੂਹਾ ਦਵਾਈ ਖਾ ਕੇ ਰੱਬ ਨੂੰ ਪਿਆਰਾ ਹੋ ਜਾਂਦਾ ਤਾਂ ਬਾਕੀ ਸੁਚੇਤ ਹੋ ਜਾਂਦੇ ਨੇ ਤੇ ਦਵਾਈ ਨੂੰ ਮੂੰਹ ਨਹੀਂ ਲਾਉਂਦੇ ! ਮੈਂ ਤੁਰੰਤ ਸਵਾਲ ਕੀਤਾ ਫਿਰ ਤੁੰਹੀ ਦਵਾਈ ਰੱਖ ਕੇ ਸਮਾਂ ਖਰਾਬ ਕਿੰਓ ਕਰਨ ਡਹੇ ਜੇ ! ਓਹਨੇ ਦੱਸਿਆ ਕਿ ਹੁਣ ਇਹ Difenacoum ਨਾਂ ਦੀ ਦਵਾਈ ਦੀ ਇੱਕ ਵਿਸ਼ੇਸ਼ ਕਿਸਮ ਆਈ ਆ ਇਹ ਚਾਰ ਦਿਨ ਬਾਅਦ ਰੰਗ ਵਿਖਾਉਂਦੀ ਏ ! ਚੂਹੇ ਸਵਾਦ ਸਵਾਦ ਵਿੱਚ ਖਾਈ ਜਾਂਦੇ ਨੇ ਤੇ ਫੇਰ ਬੜੀ ਦੇਰ ਹੋ ਚੁੱਕੀ ਹੁੰਦੀ ਆ ! ਭਾਵ ਸਲੋਅ ਪੋਇਜ਼ਨ ! ਮੇਰਾ ਮੱਥਾ ਠਣਕਿਆ ਤੇ ਉਹ ਚਲੇ ਗਏ !

ਇਹ Difenacoum ਨਾਂ ਦੀ ਜ਼ਹਿਰ ਮੇਰੇ ਦਿਮਾਗ਼ ਚ, ਘੁੰਮਣ ਲੱਗੀ ਤੇ ਮੇਰਾ ਧਿਆਨ ਅਜੋਕੇ ਅਪਗ੍ਰੇਡ ਪ੍ਰਚਾਰ ਵੱਲ ਚਲਾ ਗਿਆ ਕਿ ਕਿਸ ਤਰਾਂ ਸੋਚੀ ਸਮਝੀ ਸਾਜ਼ਿਸ਼ ਤਹਿਤ ਇੱਕ ਜ਼ਹਿਰ ਸਾਡੇ ਸਿਰਾਂ ਵਿੱਚ ਤੁੰਨਿਆ ਜਾ ਰਿਹਾ ! ਲੋਕ ਝਬਰ ਝਬਰ ਇਹ ਆਪਣੇ ਖੋਪੜ ਵਿੱਚ ਤੁੰਨ ਲੈਂਦੇ ਨੇ ਤੇ ਮਾਨਸਿਕ ਨਪੁੰਸਕ ਹੋ ਜਾਂਦੇ ਆ ! ਫੇਰ ਜਾਗਦਾ ਤਰਕ ਵਾਲਾ ਕੀੜਾ ! ਸਰੋਵਰਾਂ ਤੇ ਸ਼ੱਕ , ਅਰਦਾਸ ਤੇ ਸ਼ੱਕ, ਬਾਣੀਆਂ ਤੇ ਸ਼ੱਕ ਇਤਿਹਾਸਿਕ ਸਰੋਤਾਂ ਤੇ ਤਰਕ, ਅੰਮ੍ਰਿਤ ਦੀ ਪਹੁਲ ਤੇ ਸ਼ੱਕ, ਗੱਲ ਕੀ ਆਪਣੇ ਨਾਂ ਪਿੱਛੇ ਲੱਗੇ ਸਿੰਘ ਕੌਰ ਤੇ ਖ਼ਾਲਸਾ ਤੱਖਲਸ ਬਾਰੇ ਵੀ ਵਹਿਮ ! ਕਿੰਓਕਿ ਸਿੰਘ,ਕੌਰ ਤੇ ਖ਼ਾਲਸਾ ਵੀ ਤੇ ਅੰਮ੍ਰਿਤ ਦੀ ਦਾਤ ਮਗਰੋਂ ਹੀ ਬਖਸ਼ਿਸ਼ ਹੋਏ ਆ ਨਾਂ ! ਤੇ ਜੇ ਮੁੱਢ ਤੇ ਸ਼ੱਕ ਤੇ ਸੱਭ ਕੁਹ ਸ਼ੱਕੀ !

ਇਹ ਪ੍ਰਚਾਰ ਜਿਸਦੀ ਜਿਆਦਾ ਹਨੇਰੀ 1995 ਮਗਰੋਂ ਪ੍ਰਚੰਡ ਹੋਈ ਦਾ ਅਸਰ ਪੰਜਾਬ ਚ, ਸਪਸ਼ਟ ਨਜ਼ਰ ਆਉਂਦਾ ਕਿ ਪੰਜਾਬ ਦੀ ਨੌਜਵਾਨੀ ਕਿਸ ਤਰਾਂ ਨਸ਼ਿਆਂ ਚ, ਗ਼ਰਕ ਹੋਈ, ਇਸਾਈਅਤ ਦਾ ਬੋਲ ਬਾਲਾ ਕਿਸ ਕਦਰ ਵਧਿਆ ! ਢੱਡਰੀਆਂ ਵਾਲੇ ਦਾ ਪ੍ਰਚਾਰ ਸੁਣ ਨੌਜਵਾਨਾਂ ਕੇਸ ਤੱਕ ਕਤਲ ਕਰਦਿਆਂ ਤੱਕ ਦੀਆਂ ਵੀਡੀਓ ਲੋਕਾਂ ਨੇ ਵੇਖੀਆਂ ! ਦਰਅਸਲ ਇਹਨਾਂ ਪਿੱਛੇ ਹਕੂਮਤਾਂ ਦਾ ਅਸ਼ੀਰਵਾਦ ਏ ! ਜੋ ਇਹਨਾਂ ਨੂੰ ਸੁਰੱਖਿਆ ਛੱਤਰੀ ਦੇਂਦੀਆਂ ਨੇ ਹਲਾਸ਼ੇਰੀ ਤੇ ਦਮੜੇ ਟਿਕਟਾਂ ਤੱਕ ਸਰਕਾਰੀ !

ਜੂਨ ਦੇ ਮਹੀਨੇ ਦਾ ਚੜਦਾ ਹਫਤਾ ਸਿੱਖਾਂ ਲਈ ਬੈਰਾਗਮਈ ਤੇ ਬੀਰ ਰੱਸੀ ਵੀ ਹੈ ਬੜੇ ਸਿੰਘ ਸਿੰਘਣੀਆਂ ਅਜੇ ਵੀ ਜਿੰਓਦੇ ਜਾਗਦੇ ਚੜਦੀ ਕਲਾ ਵਿੱਚ ਹਨ ਜਿਨ੍ਹਾਂ ਨੇ ਇਹ ਕਹਿਰ ਵੇਖਿਆ ਤੇ ਕਈਆਂ ਨੇ ਹੱਢੀਂ ਹੰਢਾਇਆ ! ਅਨੇਕਾਂ ਚਸ਼ਮਦੀਦ ਗਵਾਹ ਹਨ ਜਿੰਨਾਂ ਨੇ ਜੂਨ ਚੁਰਾਸੀ ਦੇ ਮਰਜੀਵੜੇ ਸਿੰਘਾ ਦੇ ਦਰਸ਼ਨ ਕੀਤੇ ਜੋ ਪੰਜ ਬਾਣੀਆਂ ਦੇ ਧਾਰਨੀ, ਵਾਰ ਸ੍ਰੀ ਭਗੌਤੀ ਜੀ ਕੀ ਪਾਤਸ਼ਾਹੀ ਦਸਵੀਂ ਦੀ ਅਰਦਾਸ ਵਾਲੇ ਤੇ ਚੰਡੀ ਦੀ ਵਾਰ ਪੜਨ ਵਾਲੇ ਯੁੱਧਵੀਰ ਸੰਤ ਸਿਪਾਹੀ ਸੂਰਮੇ ਸਨ । ਇਹਨਾਂ ਤੋ ਬਾਅਦ ਵੀ ਰੜੇ ਮੈਦਾਨ ਕਮਾਦਾਂ ਦੀਆਂ ਧੋੜੀਆਂ ਤੇ ਕੱਚੇ ਕੋਠਿਆਂ ਚੁਬਾਰਿਆਂ ਦਾ ਆਸਰਾ ਲੈਕੇ ਕਈ ਕਈ ਦਿਨ ਮੁਕਾਬਲੇ ਕਰਨ ਵਾਲੇ ਵੀ ਦਸਮ ਦੀ ਬਾਣੀ ਤੇ ਪੂਰਨ ਨਿਸ਼ਚਾ ਰੱਖਣ ਵਾਲੇ ਸਨ ! ਇਹਨਾ ਸਿੰਘਾਂ ਨੂੰ ਜਦੋਂ ਹਕੂਮਤ ਨੇ ਪੁਰਾਤਨ ਸਿੰਘਾਂ ਵਾਂਗ ਇਤਿਹਾਸ ਦੁਹਰਾਉਂਦੇ ਵੇਖਿਆ ਤਾਂ ਇਹ ਅਪਗ੍ਰੇਡ ਕਾਂਗਿਆਰੀ ਪੰਥ ਵਿੱਚ ਵਾੜੀ ਗਈ ! ਮਕਸਦ ਸੀ ਬੀਰਰਸ ਨੂੰ ਕੱਢਣਾ , ਸੰਤ ਸਿਪਾਹੀ ਬਿਰਤੀ ਦਾ ਨਿਖੇੜਾ ਕਰਨਾ, ਤੇ ਭਗਤੀ ਸ਼ਕਤੀ ਨੂੰ ਵੱਖ ਕਰ ਬ੍ਰਹਮਣ ਵਾਂਗ ਮੰਤਰ ਪੜਨ ਲਾਉਣਾ ਤੇ ਆਪਣੀ ਪੂਜਾ ਦਾ ਜੁਗਾੜ ਕਰਨਾ ਬੱਸ !

ਅਬਦਾਲੀ ਨੇ ਸਰੋਵਰ ਇਸ ਕਰਕੇ ਪੂਰਿਆ ਕੇ ਉਹਨੂੰ ਖ਼ਬਰ ਮਿਲੀ ਕਿ ਇਹ ਸਿੱਖੜੇ ਇਸ ਸਰੋਵਰ ਵਿੱਚੋਂ ਇਸ਼ਨਾਨ ਕਰਕੇ ਅਦੁੱਤੀ ਸ਼ਕਤੀ ਪ੍ਰਾਪਤ ਕਰ ਵੈਰੀ ਤੇ ਕੜਕ ਪੈਂਦੇ ਹਨ । ਉਨ ਇਹ ਕੁਕਰਮ ਕੀਤਾ ਕਿ ਹਰਿਮੰਦਰ ਤੇ ਸਰੋਵਰ ਢਾਹ ਦਿੱਤਾ ! ਹੁਣ ਦੇ ਪਰਚਾਰਿਕ ( ਮੁਆਫ਼ ਕਰਨਾ ਸਾਰੇ ਨਹੀ ) ਇਹ ਵੀ ਓਹੋ ਕੁਕਰਮ ਕਰ ਰਹੇ ਹਨ, ਇਹ ਸਾਡੀਆਂ ਨਸਲਾਂ ਦੇ ਸਿਰਾਂ ਚੋ, ਪਾਵਨ ਸਰੋਵਰ ਮਿਟਾ ਦੇਣਾ ਚੰਹੁਦੇ ਹਨ । ਪ੍ਰਥਮ ਭਗੌਤੀ ਦੀ ਅਰਦਾਸ ਪ੍ਰਤੀ ਇਹ ਭੰਬਲਭੂਸੇ ਪਾ ਰਹੇ ਹਨ ਅੰਮ੍ਰਿਤ ਦੀਆਂ ਬਾਣੀਆ ਤੇ ਕਿੰਤੂ ਪ੍ਰੰਤੂ ਕਰਕੇ ਆਸਥਾ ਤੇ ਸੱਟ ਮਾਰ ਰਹੇ ਹਨ । ਬਸ ਇਹੋ ਇਹਨਾਂ ਦਾ ਮਿਸ਼ਨ ਹੈ !

ਪਰ ਭਲਾ ਹੋਵੇ ਸੋਸ਼ਲ ਮੀਡੀਏ ਦਾ ਤੇ ਇਹਨਾਂ ਦੇ ਪ੍ਰਚਾਰ ਦਾ ਵਿਰੋਧ ਕਰਨ ਵਾਲੇ ਦਸਮ ਦੇ ਦੁਲਾਰਿਆਂ ਦਾ ਜੋ ਇਹਨਾਂ ਬਾਰੇ ਸੰਗਤਾਂ ਨੂੰ ਜਾਗਰੂਕ ਕਰਕੇ ਗੁਰੂ ਦਾ ਹੁਕਮ ਵਜਾ ਰਹੇ ਹਨ । ਇਹੀ ਕਾਰਨ ਹੈ ਕਿ ਇਹ ਪੰਥ ਤੇ ਖ਼ਾਲਸਾ ਰਾਜ ਦੀ ਗੱਲ ਕਰਨ ਵਾਲਿਆਂ ਦੇ ਉਲਟ ਭੁਗਤਦੇ ਹਨ ! ਹੱਕ ਸੱਚ ਦੀ ਗੱਲ ਕਰਨ ਵਾਲੇ ਜਾਂ ਤਾਂ ਪਰਲੋਕ ਭੇਜ ਦਿੱਤੇ ਜਾਂਦੇ ਹਨ ਤੇ ਜਾਂ ਪੰਜਾਬ ਨਿਕਾਲਾ ! ਪਰ ਇਹਨਾ ਦੀ ਸੁਰੱਖਿਆ ਪੱਕੀ ਇਹ ਗੱਲ ਵੀ ਖਾਲਿਸਤਾਨ ਜਿੰਦਾਬਾਦ ਮਹਿਕਮੇ ਵਾਲੇ ਪੱਗਾਂ ਚ, ਸਿਰ ਫਸਾਈ ਅਰਧ ਨਾਸਤਿਕਾਂ ਨੂੰ ਸਮਝ ਲੈਣੀ ਚਹੀਦੀ ਹੈ !

ਸਾਡਾ ਨਿੱਜੀ ਤਜਰਬਾ ਹੈ ਕਿ ਇਹਨਾਂ ਦੇ Difenacoum ਦੀ ਡੋਜ਼ ਵਾਲੇ ਪ੍ਰਚਾਰ ਤੋਂ ਪ੍ਰਭਾਵਿਤ ਕਿਸੇ ਪ੍ਰਾਣੀ ਦੇ ਕੰਨ ਵਿੱਚ ਜਦ ਕੋਈ ਇਹ ਅਵਾਜ਼ ਪਾਉਂਦਾ ਹੈ, "ਮਿਰਤਕ ਕਉ ਪਾਇਓ ਤਨਿ ਸਾਸਾ ਬਿਛੁਰਤ ਆਨਿ ਮਿਲਾਇਆ " ਤਾਂ ਝੱਟ ਹੋਸ਼ ਵਿੱਚ ਆ ਗੁਰੂ ਚਰਨੀ ਲੱਗ ਜਾਂਦਾ ਹੈ । ਬੇਨਤੀ ਹੈ ਕਿ ਧੰਨ ਗੁਰੂ ਗ੍ਰੰਥ ਸਾਹਿਬ ਜੀ ਹੀ ਸਾਡੇ ਗੁਰੂ ਹਨ ਦਸਮ ਪਾਤਸ਼ਾਹ ਜੀ ਦੇ ਮੁਖ਼ਾਰਬਿੰਦ ਤੋ ਉਚਰੇ ਬਚਨ ਵੀ ਸਾਡੇ ਲਈ ਗੁਰਬਾਣੀ ਹੀ ਹੈ ਸੋ ਸੱਚੀ ਸੁੱਚੀ ਆਸਥਾ ਨੇ ਹੀ ਪਾਰ ਉਤਾਰਾ ਕਰਨਾ ਹੈ !

ਅਖੀਰ ਵਿੱਚ ਅਪਗ੍ਰੇਡ ਪ੍ਰਚਾਰਕਾਂ ਦੇ ਦੇਸ਼ਾਂ ਵਿਦੇਸ਼ਾਂ ਵਿੱਚ ਵੱਸਦੇ ਅਨਿਨ ਭਗਤਾਂ ਦੇ ਪਰਿਵਾਰਾਂ ਤੇ ਕਿਰਦਾਰਾਂ ਤੋਂ ਆਪ ਜੀ ਨੂੰ ਲੱਗੇ ਕਿ ਪ੍ਰਚਾਰ ਦਾ ਪ੍ਰਤਾਪ ਨਜ਼ਰ ਆਉਂਦਾ ਹੈ ਤਾਂ ਜਰੂਰ ਸੁਣਿਓ ਮੈ ਆਪ ਜੀ ਨੂੰ ਰੋਕ ਕੇ ਪਾਪਾਂ ਦਾ ਭਾਗੀ ਨਹੀਂ ਬਣਨਾ ਚਹੁੰਦਾ ! ਨਹੀ ਤੇ ਭਾਈ ਪੰਜਾਬੀ ਦੀ ਇੱਕ ਕਹਾਵਤ ਹੈ "ਆਪ ਤੇ ਡੁੱਬਾਂ ਬਾਹਮਣਾ ਜਜਮਾਨ ਵੀ ਡੋਬੇਂ"! ਸੋ ਸਵਾਰੀ ਆਪਣੇ ਸਮਾਨ ਦੀ ਆਪ ਜ਼ਿੰਮੇਵਾਰ ਹੈ । ਆਪ ਤੇ ਆਪਣੇ ਪਰਿਵਾਰਾਂ ਨੂੰ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਨਾਲ ਜੋੜ ਕੇ ਅਨੰਦ ਮਈ ਜੀਵਨ ਬਤੀਤ ਕਰੋ !

**ਹੋਈਆਂ ਭੁੱਲਾਂ ਚੁੱਕਾਂ ਦੀ ਖਿਮਾਂ**
**ਜੂਨ ਚੁਰਾਸੀ ਦੇ ਸਮੂਹ ਸ਼ਹੀਦਾਂ ਨੂੰ ਕਰੋੜਾਂ ਨਮਨ**

**ਬਿੱਟੂ ਅਰਪਿੰਦਰ ਸਿੰਘ**

# ਨਕਲੀ ਸ਼ਰਾਬ ਦੇ ਜ਼ਹਿਰ ਦਾ ਕਹਿਰ

**ਉਜਾਗਰ ਸਿੰਘ**

ਅੰਮਿਰਤਸਰ ਜ਼ਿਲੇ ?ਹ ਦੇ ਮਜੀਠਾ ਇਲਾਕੇ ਦੇ ਆਲੇ ਦੁਆਲੇ ਦੇ ਪਿੰਡਾਂ ਵਿੱਚ 27 ਵਿਅਕਤੀ ਜ਼ਹਿਰੀਲੀ ਸ਼ਰਾਬ ਪੀਣ ਕਰਕੇ ਸਵਰਗਵਾਸ ਹੋ ਗਏ ਹਨ। 10 ਅਜੇ ਵੱਖ-ਵੱਖ ਹਸਪਤਾਲਾਂ ਵਿੱਚ ਜ਼ਿੰਦਗੀ ਮੌਤ ਦੀ ਲੜਾਈ ਲੜ ਰਹੇ ਹਨ। ਇਸ ਘਟਨਾ ਨੇ ਪੰਜਾਬੀਆਂ ਨੂੰ ਝੰਜੋੜਕੇ ਰੱਖ ਦਿੱਤਾ ਹੈ, ਜਦੋਂ ਅਜੇ ਪਹਿਲਗਾਮ ਵਿਖੇ ਬੇਕਸੂਰੇ ਸੈਲਾਨੀਆਂ ਦੇ ਮਾਰੇ ਜਾਣ ਅਤੇ ਪੰਜਾਬੀ, ਪਾਕਿਸਤਾਨ ਨਾਲ ਹੋਈ ਜੰਗ ਦੇ ਗਹਿਰੇ ਬੱਦਲਾਂ 'ਚੋਂ ਬਾਹਰ ਹੀ ਨਿਕਲ ਰਹੇ ਸਨ। ਨਕਲੀ ਸ਼ਰਾਬ ਦੇ ਸਰਗਨਿਆਂ ਨੇ ਪੰਜਾਬ ਵਿੱਚ ਇੱਕ ਵਾਰ ਫਿਰ ਮੌਤਾਂ ਦੇ ਸੱਥਰ ਵਿਛਾ ਦਿੱਤੇ ਹਨ। ਉਨ੍ਹਾਂ ਦਾ ਇਹ ਧੰਧਾ ਪਿਛਲੇ ਪੰਜ ਸਾਲਾਂ ਤੋਂ ਬੇਬਾਕੀ ਨਾਲ ਲਗਾਤਾਰ ਚਲਦਾ ਆ ਰਿਹਾ ਹੈ। 2020 ਤੋਂ 2025 ਤੱਕ ਜ਼ਹਿਰੀਲੀ ਨਕਲੀ ਸ਼ਰਾਬ ਪੀਣ ਕਰਕੇ 180 ਮੌਤਾਂ ਹੋ ਚੁੱਕੀਆਂ ਹਨ। ਇਨ੍ਹਾਂ ਮਰਨ ਵਾਲਿਆਂ ਵਿੱਚ ਸਾਰੇ ਗ਼ਰੀਬ ਦਿਹਾੜੀਦਾਰ ਹਨ, ਜਿਹੜੇ ਸਾਰੀ ਦਿਹਾੜੀ ਹੱਡ ਭੰਨਵੀਂ ਮਿਹਨਤ ਮਜ਼ਦੂਰੀ ਕਰਕੇ ਆਪਣੇ ਪਰਿਵਾਰਾਂ ਨੂੰ ਪਾਲਦੇ ਸਨ। ਨਕਲੀ ਸ਼ਰਾਬ ਦੇ ਮਾਫ਼ੀਏ ਵੱਲੋਂ ਸਰਕਾਰੀਤੰਤਰ ਦੀ ਮਿਲੀ ਭੁਗਤ ਨਾਲ ਆਪਣੇ ਧੰਧੇ ਚਲਾਏ ਜਾਂਦੇ ਹਨ। ਹਰ ਵਾਰ ਜਦੋਂ ਅਜਿਹੀਆਂ ਘਟਨਾਵਾਂ ਵਾਪਰਦੀਆਂ ਹਨ ਤਾਂ ਸਰਕਾਰਾਂ ਦੀ ਜਾਗ ਖੁਲ੍ਹਦੀ ਹੈ ਤੇ ਫਿਰ ਉਹ ਦੋਸ਼ੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾਵਾਂ ਦੇ ਢਕੌਂਸਲਿਆਂ ਨਾਲ ਪੜਤਾਲੀਆ ਕਮੇਟੀਆਂ, ਪੁਲਿਸ ਦੀਆਂ ਐਸ ਆਈ ਟੀਜ਼ ਬਣਾਕੇ ਅਤੇ ਮਰਨ ਵਾਲਿਆਂ ਦੇ ਵਾਰਸਾਂ ਨੂੰ ਗ੍ਰਾਂਟਾ ਤੇ ਜ਼ਖ਼ਮੀਆਂ ਦੇ ਮੁਫ਼ਤ ਇਲਾਜ ਦੀ ਮਲ੍ਹਮ ਦੇ ਐਲਾਨ ਕਰਕੇ ਸੁਰਖ਼ੁਰੂ ਹੋ ਜਾਂਦੇ ਹਨ। ਥੋੜ੍ਹਾ ਸਮਾਂ ਪਬਲਿਕ, ਸਵੈ ਇੱਛਤ ਤੇ ਸਮਾਜਿਕ ਸੰਸਥਾਵਾਂ ਅਤੇ ਵਿਰੋਧੀ ਪਾਰਟੀਆਂ ਰੌਲਾ ਰੱਪਾ ਪਾਉਂਦੀਆਂ ਪਾਉਂਦੀਆਂ ਹੋਈਆਂ ਆਪਣਾ ਗੁੱਭ ਗੁਭਾਟ ਕੱਢਕੇ ਅਖ਼ਬਾਰਾਂ ਵਿੱਚ ਖ਼ਬਰਾਂ ਲਗਵਾ ਲੈਂਦੀਆਂ ਹਨ, ਫਿਰ ਚੁੱਪ ਚਾਂਦ ਹੋ ਜਾਂਦੀ ਹੈ। ਗ਼ਰੀਬ ਲੋਕ ਵਿਤੀ ਮਦਦ ਲੈ ਕੇ ਚੁੱਪ ਕਰ ਜਾਂਦੇ ਹਨ, ਉਹ ਹੋਰ ਕਰ ਵੀ ਕੀ ਸਕਦੇ ਹਨ? ਵਿਰੋਧੀਆਂ ਨੂੰ ਵੀ ਕੋਈ ਨਵਾਂ ਮੁੱਦਾ ਮਿਲ ਜਾਂਦਾ ਹੈ ਤੇ ਉਹ ਓਧਰ ਪਲਾਹ ਸੋਟੇ ਮਾਰਕੇ ਆਪਣੀਆਂ ਸਿਆਸੀ ਰੋਟੀਆਂ ਸੇਕਣ ਲੱਗ ਜਾਂਦੇ ਹਨ। ਵਿਰੋਧੀ ਜਦੋਂ ਸਰਕਾਰ ਵਿੱਚ ਆਉਂਦੇ ਹਨ ਤਾਂ ਫਿਰ ਉਹ ਆਪਣੇ ਦਿੱਤੇ ਬਿਆਨਾਂ ਨੂੰ ਭੁੱਲ ਹੀ ਨਹੀਂ ਜਾਂਦੇ, ਸਗੋਂ ਸਰਕਾਰ ਦੀ ਸਿਆਸੀ ਤਾਕਤ ਦਾ ਆਨੰਦ ਮਾਨਣ ਵਿੱਚ ਮਸਤ ਹੋ ਜਾਂਦੇ ਹਨ। ਸਾਰੇ ਸਿਆਸਤਦਾਨ ਇੱਕੋ ਬੇੜੀ ਦੇ ਚੱਟੇ ਵੱਟੇ ਹਨ। ਪ੍ਰੰਤੂ ਜਿਸ ਪਾਰਟੀ ਦੀ ਸਰਕਾਰ ਸਮੇਂ ਅਣਹੋਣੀ ਘਟਨਾ ਵਾਪਰਦੀ ਹੈ ਤਾਂ ਮੌਕੇ ਦੀ ਸਰਕਾਰ ਹੀ ਜ਼ਿੰਮੇਵਾਰ ਹੁੰਦੀ ਹੈ ਤੇ ਉਸਦੀ ਹੀ ਬਦਨਾਮੀ ਹੁੰਦੀ ਹੈ।।



ਪੜਤਾਲੀਆ ਕਮੇਟੀਆਂ ਤੇ ਸਿੱਟਾਂ ਆਪਣੀਆਂ ਰਿਪੋਰਟਾਂ ਸਰਕਾਰਾਂ ਨੂੰ ਦੇ ਦਿੰਦੀਆਂ ਹਨ। ਫਿਰ ਅਫ਼ਸਰਸ਼ਾਹੀ ਤੇ ਸਿਆਸਤਦਾਨਾਂ ਦੀਆਂ ਮੀਟਿੰਗਾਂ ਦਾ ਦੌਰ ਚਾਹ ਦੀਆਂ ਚੁਸਕੀਆਂ ਨਾਲ ਚਲਦਾ ਰਹਿੰਦਾ ਹੈ, ਕਦੀ ਕਦੀ ਸਰਬ ਪਾਰਟੀ ਮੀਟਿੰਗਾਂ ਵੀ ਹੁੰਦੀਆਂ ਹਨ। ਅਖ਼ੀਰ ਇਹ ਰਿਪੋਰਟਾਂ ਦਫ਼ਤਰੀ ਲਾਲ ਫੀਤਾਸ਼ਾਹੀ ਦੇ ਹੱਥਾਂ ਵਿੱਚ ਸਹਿਕਦੀਆਂ ਹੋਈਆਂ ਦਮ ਤੋੜ ਜਾਂਦੀਆਂ ਹਨ। ਇਹ ਪੜਤਾਲੀਆ ਰਿਪੋਰਟਾਂ ਸਰਕਾਰੀ ਫਾਈਲਾਂ ਦਾ ਸ਼ਿੰਗਾਰ ਬਣਕੇ ਪਹਿਲਾਂ ਪਏ ਫ਼ਈਲਾਂ ਦੇ ਗੁਬਾਰ ਵਿੱਚ ਸ਼ਾਮਲ ਹੋ ਕੇ ਗੁੰਮ ਜਾਂਦੀਆਂ ਹਨ। ਸਰਕਾਰਾਂ ਲੋਕਾਂ ਤੋਂ ਵੋਟਾਂ ਵਟੋਰਨ ਦੀਆਂ ਸਕੀਮਾ ਵਿੱਚ ਉਲਝੀਆਂ ਰਹਿੰਦੀਆਂ ਹਨ। ਅਜਿਹੀਆਂ ਘਟਨਾਵਾਂ ਤੋਂ ਬਾਅਦ ਸਿਆਸੀ ਲੋਕ ਮਗਰਮੱਛ ਦੇ ਅੱਥਰੂ ਵਹਾਉਂਦੇ ਹਨ, ਪ੍ਰੰਤੂ ਅਮਲੀ ਤੌਰ 'ਤੇ ਕੋਈ ਸਾਰਥਿਕ ਕੰਮ ਨਹੀਂ ਕਰਦੇ। ਸਿਆਸਤਦਾਨਾਂ ਦੇ ਅਫ਼ਸੋਸ ਦੇ ਬਿਆਨਾ ਨਾਲ ਸਵਰਗਵਾਸ ਹੋਏ ਲੋਕ ਵਾਪਸ ਥੋੜ੍ਹਾ ਮੁੜ ਆਉਂਦੇ ਹਨ। ਸਿਆਸਤਦਾਨਾ ਤੇ ਅਧਿਕਾਰੀਆਂ ਕੋਲ ਅਜਿਹੀਆਂ ਰਿਪੋਰਟਾਂ ਦੀ ਡੂੰਘਾਈ ਨਾਲ ਘੋਖਣ ਦਾ ਸਮਾਂ ਹੀ ਨਹੀਂ ਹੁੰਦਾ। ਇਹ ਪ੍ਰਣਾਲੀ ਕਿਸੇ ਇੱਕ ਪਾਰਟੀ ਦੀ ਸਰਕਾਰ ਦੀ ਨਹੀਂ, ਸਗੋਂ ਹਰ ਸਰਕਾਰ ਭਾਵੇਂ ਕਿਸੇ ਵੀ ਪਾਰਟੀ ਦੀ ਹੋਵੇ, ਉਹ ਸੰਜੀਦਗੀ ਤੋਂ ਕੰਮ ਨਹੀਂ ਲੈਂਦੀ। ਸਰਕਾਰਾਂ ਕੁਰਸੀਆਂ ਬਚਾਉਣ ਵਿੱਚ ਲੱਗੀਆਂ ਰਹਿੰਦੀਆਂ ਹਨ। ਅਸਲ ਵਿੱਚ ਉਨ੍ਹਾਂ ਨੂੰ ਸਰਕਾਰਾਂ ਬਚਾਉਣ ਤੋਂ ਵਿਹਲ ਹੀ ਨਹੀਂ ਮਿਲਦੀ। ਕਦੇ ਪਾਰਟੀਆਂ ਦੀ ਅੰਦਰੂਨੀ ਲੜਾਈ ਤੇ ਕਦੇ ਕੇਂਦਰ ਨਾਲ ਜੱਫਾ ਪਿਆ ਰਹਿੰਦਾ ਹੈ। ਵੋਟਰਾਂ ਨੂੰ ਤਾਂ ਮੁਫ਼ਤ ਦੀਆਂ ਵਸਤਾਂ ਦਾ ਲਾਲਚ ਦੇ ਕੇ ਭਰਮਾ ਲਿਆ ਜਾਂਦਾ ਹੈ। 2020 ਵਿੱਚ ਵੀ ਤਰਨਤਾਰਨ, ਅੰਮਿਰਤਸਰ ਅਤੇ ਗੁਰਦਾਸਪੁਰ ਜ਼ਿਲਿ ?ਹਆਂ ਦੇ 135 ਲੋਕ ਜ਼ਹਿਰੀਲੀ ਨਕਲੀ ਸ਼ਰਾਬ ਪੀਣ ਤੋਂ ਬਾਅਦ ਮਰ ਗਏ ਸਨ, ਜਿਨ੍ਹਾਂ ਵਿੱਚ ਇਕੱਲੇ ਤਰਨਤਾਰਨ ਦੇ 95 ਸਨ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਸੀ। ਉਦੋਂ ਵੀ ਪੜਤਾਲੀਆ ਕਮੇਟੀ ਤੇ ਪੁਲਿਸ ਦੀ ਸਿੱਟ ਬਣੀ ਸੀ। ਉਸਨੇ ਵੀ ਆਪਣੀ ਬੜੀ ਲਲੰ ਚੌੜੀ ਰਿਪੋਰਟ ਦਿੱਤੀ ਸੀ। ਉਸਤੋਂ ਚਾਰ ਸਾਲ ਬਾਅਦ 2024 ਵਿੱਚ ਸੰਗਰੂਰ ਜ਼ਿਲ੍ਹੇ ਦੇ ਦਿ ?ੜਬਾ ਹਲਕੇ ਵਿੱਚ ਜ਼ਹਿਰੀਲੀ ਨਕਲੀ ਸ਼ਰਾਬ ਪੀਣ ਨਾਲ 20 ਵਿਅਕਤੀ ਮਰ ਗਏ ਸਨ। ਇਸ ਹਲਕੇ ਦੇ ਪੰਜਾਬ ਦੇ ਖ਼ਜਾਨਾ ਮੰਤਰੀ ਹਰਪਾਲ ਸਿੰਘ ਚੀਮਾ ਵਿਧਾਇਕ ਹਨ ਤੇ ਇਹ ਜ਼ਿਲ੍ਹਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਹੈ। ਉਦੋਂ ਵੀ ਉਸ ਸਮੇਂ ਦੇ ਐਸ ਡੀ ਐਮ ਦੀ ਅਗਵਾਈ ਵਿੱਚ ਪੜਤਾਲੀਆ ਕਮੇਟੀ ਤੇ ਪੁਲਿਸ ਦੀ ਸਿੱਟ ਉਸ ਸਮੇਂ ਦੇ ਏ ਡੀ ਜੀ ਪੀ ਗੁਰਿੰਦਰ ਸਿੰਘ ਢਿਲੋਂ ਦੀ ਅਗਵਾਈ ਵਿੱਚ ਬਣੀ ਸੀ। ਪੁਲਿਸ ਵਿਭਾਗ ਦੀ ਉਸ ਸਿੱਟ ਨੇ ਅਜਿਹੀਆਂ ਦੁਰਘਟਨਾਵਾਂ ਰੋਕਣ ਲਈ ਪੰਜਾਬ ਵਿੱਚ ਹਰ ਪੁਲਿਸ ਸਬ ਡਵੀਜਨ ਵਿੱਚ ਸੰਬੰਧਤ ਡੀ ਐਸ ਪੀ, ਐਸ ਐਚ ਓ ਅਤੇ ਆਬਕਾਰੀ ਅਧਿਕਾਰੀ ਨੂੰ ਜ਼ਿੰਮੇਵਾਰ ਬਣਾਇਆ ਸੀ, ਪ੍ਰੰਤੂ ਪੰਚਾਇਤ ਦਾ ਕਹਿਣਾ ਸਿਰ ਮੱਥੇ ਪਰਨਾਲਾ ਉਥੇ ਦਾ ਉਥੇ ਹੀ ਰਿਹਾ। ਇਸ ਘਟਨਾ ਦੀ ਪੜਤਾਲੀਆ ਕਮੇਟੀ ਨੇ ਇਹ ਵੀ ਸੁਝਾਅ ਦਿੱਤਾ ਸੀ ਕਿ ਪੁਲਿਸ ਵਿਭਾਗ ਦਾ ਇੱਕ ਵੱਖਰਾ ਵਿੰਗ ਬਣਾ ਦਿੱਤਾ ਜਾਵੇ, ਜਿਹੜਾ ਨਕਲੀ ਸ਼ਰਾਬ ਬਣਾਉਣ ਤੇ ਵੇਚਣ ਵਾਲਿਆਂ 'ਤੇ ਨਿਗਰਾਨੀ ਰੱਖੇਗਾ ਤਾਂ ਜੋ ਨਕਲੀ ਸ਼ਰਾਬ ਬਣਾਈ ਹੀ ਨਾ ਜਾ ਸਕੇ। ਵਿਕੇਗੀ ਤਾਂ ਹੀ ਜੇ ਬਣੇਗੀ। ਬਿਮਾਰੀ ਦੀ ਜੜ੍ਹ ਨੂੰ ਹੀ ਖ਼ਤਮ ਕੀਤਾ ਜਾਵੇ। ਉਸ ਰਿਪੋਰਟ ਦਾ ਵੀ ਥਹੁ ਟਿਕਾਣਾ ਨਹੀਂ ਲੱਭ ਰਿਹਾ। ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਦੇ ਸਮੇਂ ਪੜਤਾਲੀਆ ਕਮੇਟੀ ਨੇ ਪੈਕਸੋ ਐਕਟ ਵਰਗੀਆਂ ਸਖ਼ਤ ਧਾਰਾਵਾਂ ਲਗਾਉਣ ਦਾ ਸੁਝਾਅ ਦਿੱਤਾ ਸੀ। ਉਹ ਵੀ ਖੰਧੇ ਖਾਤੇ ਵਿੱਚ ਪੈ ਗਿਆ। ਦਿੜ੍ਹਬਾ ਵਾਲੀ ਨਕਲੀ ਸ਼ਰਾਬ ਨਾਲ ਮਰਨ ਤੋਂ ਲਗਪਗ ਇੱਕ ਸਾਲ ਬਾਅਦ ਮਜੀਠਾ ਵਾਲੀ ਘਟਨਾ ਵਿੱਚ 27 ਵਿਅਕਤੀ ਨਕਲੀ ਸ਼ਰਾਬ ਪੀਣ ਨਾਲ ਮਰ ਗਏ ਹਨ। ਮਜੀਠਾ ਪੁਲਿਸ ਥਾਣੇ ਵਿੱਚ ਦੋ ਮਹੀਨੇ ਪਹਿਲਾਂ ਨਕਲੀ ਜ਼ਹਿਰੀਲ ਸਰਾਬ ਵਿਕਣ ਦੀ ਸ਼ਿਕਾਇਤ ਇਲਾਕੇ ਦੇ ਲੋਕਾਂ ਨੇ ਦਿੱਤੀ ਸੀ ਕਿ ਨਕਲੀ ਸ਼ਰਾਬ ਦੋ-ਦੋ ਲਿਟਰ ਦੀਆਂ ਬੋਤਲਾਂ ਵਿੱਚ ਪੈਪਸੀ ਦੇ ਨਾਮ ਹੇਠ ਵੇਚੀ ਜਾ ਰਹੀ ਹੈ, ਪ੍ਰੰਤੂ ਪੁਲਿਸ ਨੇ ਗੌਲਿਆ ਹੀ ਨਹੀਂ, ਕਿਉਂਕਿ ਪੁਲਿਸ ਉਸ ਸਮੇਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਵਿੱਚ ਰੁੱਝੀ ਹੋਈ ਸੀ, ਉਹ ਨਕਲੀ ਜ਼ਹਿਰੀਲੀ ਸ਼ਰਾਬ ਨੂੰ ਨਸ਼ਾ ਸਮਝਦੇ ਹੀ ਨਹੀਂ। ਸਮਝਣ ਵੀ ਕਿਵੇਂ ਸਰਕਾਰ ਨੇ ਤਾਂ ਸ਼ਰਾਬ ਦੇ ਠੇਕੇ ਖੋਲ੍ਹੇ ਹੋਏ ਹਨ। ਇਸ ਸਮੇਂ ਤਾਂ ਨਸ਼ਾ ਸਿੰਥਿਟਕ ਡਰੱਗ ਨੂੰ ਹੀ ਸਮਝਿਆ ਜਾ ਰਿਹਾ ਹੈ। ਵੈਸੇ ਜ਼ਹਿਰੀਲੀ ਸ਼ਰਾਬ ਦੀ ਘਟਨਾ ਨੇ ਸਰਕਾਰ ਦੀ 'ਯੁੱਧ ਨਸ਼ਿਆਂ ਵਿਰੁੱਧ' ਦੀ ਮੁਹਿੰਮ ਨੂੰ ਗ੍ਰਹਿਣ ਲਾ ਦਿੱਤਾ ਹੈ। 27 ਵਿਅਕਤੀ ਹੀ ਨਹੀਂ ਮਰੇ ਸਗੋਂ ਉਨ੍ਹਾਂ ਦੇ ਪਰਿਵਾਰ ਵੀ ਖ਼ਤਮ ਹੋਣ ਕਿਨਾਰੇ ਪਹੁੰਚ ਗਏ ਕਿਉਂਕਿ ਉਨ੍ਹਾਂ ਦੀ ਰੋਟੀ ਰੋਜ਼ੀ ਦਾ ਮਸਲਾ ਖੜ੍ਹਾ ਹੋ ਗਿਆ। ਵਕਤੀ ਆਰਥਿਕ ਮਦਦ ਸਾਰੀ ਜ਼ਿੰਦਗੀ ਤਾਂ ਨਹੀਂ ਚਲ ਸਕਦੀ। ਹੁਣ ਸੰਬੰਧਤ ਵਿਭਾਗਾਂ ਦੇ ਛੋਟੇ ਪੱਧਰ ਦੇ ਅਧਿਕਾਰੀਆਂ 'ਤੇ ਹਮੇਸ਼ਾ ਦੀ ਤਰ੍ਹਾਂ ਮੁਅੱਤਲੀ ਦੀ ਗਾਜ ਡਿਗ ਪਈ ਹੈ। ਇਹ ਕੰਮ ਤਾਂ ਇੱਕ ਮਾਫ਼ੀਏ ਦਾ ਹੈ, ਜਿਸ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹਨ। ਇਸੇ ਕਰਕੇ ਤਾਂ ਪਿਛਲੀਆਂ ਰਿਪੋਰਟਾਂ ਦਾ ਕੁਝ ਨਹੀਂ ਬਣਿਆਂ। ਉਪਰੋਂ ਦਬਾਅ ਪੈਣ ਕਰਕੇ ਮਾਫ਼ੀਏ ਨੂੰ ਛੋਟੇ ਪੱਧਰ ਦੇ ਅਧਿਕਾਰੀ ਰੋਕ ਨਹੀਂ ਸਕਦੇ। ਹੁਣ ਤਾਂ ਮੁੱਖ ਮੰਤਰੀ ਸਾਹਿਬ ਨੇ ਖ਼ੁਦ ਹੀ ਬਿਆਨ ਦੇ ਦਿੱਤਾ ਹੈ ਕਿ ਇਹ ਸਾਰਾ ਕੁਝ ਸੰਬੰਧਤ ਵਿਭਾਗ, ਪੁਲਿਸ ਅਤੇ ਤਾਕਤਵਰ ਸਿਆਸਤਦਾਨਾ ਦੀ ਪੁਸ਼ਤ ਪਨਾਹੀ ਤੋਂ ਬਿਨਾ ਸੰਭਵ ਹੀ ਨਹੀਂ ਹੋ ਸਕਦਾ। ਇਨ੍ਹਾਂ ਨਕਲੀ ਸ਼ਰਾਬ ਪੀਣ ਦੀਆਂ ਘਟਨਾਵਾਂ ਵਿੱਚ ਗ਼ਰੀਬ ਲੋਕ ਹੀ ਕਿਉਂ ਮਰਦੇ ਹਨ? ਇਹ ਵੀ ਵਿਚਾਰਨਯੋਗ ਹੈ ਕਿਉਂਕਿ ਗ਼ਰੀਬ ਮਹਿੰਗੀ ਸ਼ਰਾਬ ਖ ?ਰੀਦਕੇ ਪੀ ਨਹੀਂ ਸਕਦਾ ਕਿਉਂਕਿ ਉਸਨੇ ਬੱਚੇ ਵੀ ਪਾਲਣੇ ਹੁੰਦੇ ਹਨ। ਅਸਲੀ ਸ਼ਰਾਬ ਬਹੁਤ ਮਹਿੰਗੀ ਹੋ ਗਈ। ਇਸ ਲਈ ਉਹ ਸਸਤੀ ਸ਼ਰਾਬ ਖ ?ਰੀਦਦਾ ਹੈ। ਇਹ ਸ਼ਰਾਬ ਮੀਥੇਨੌਲ ਕੈਮੀਕਲ ਨਾਲ ਬਣਾਈ ਜਾਂਦੀ ਹੈ। ਜਦੋਂ ਇਹ ਸਾਰਾ ਕੁਝ ਪਤਾ ਹੈ ਕਿ ਮੈਥੇਨੌਲ ਵਰਤਿਆ ਜਾਂਦਾ ਹੈ ਤਾਂ ਇਸ ਦੀ ਵਿਕਰੀ 'ਤੇ ਪਾਬੰਦੀ ਕਿਉਂ ਨਹੀਂ ਲਗਾਈ ਜਾਂਦੀ? ਕੇਂਦਰ ਸਰਕਾਰ ਵੱਲੋਂ ਇਸ ਦੀ ਖ ?ਰੀਦ ਦੇ ਨਿਯਮ ਬਣਾ ਦਿੱਤੇ ਜਾਣ, ਕੌਣ ਅਤੇ ਕਿਵੇਂ ਖ ?ਰੀਦ ਸਕਦਾ ਹੈ। ਜੇ ਸਰਕਾਰ ਸੰਜੀਦਗੀ ਤੋਂ ਕੰਮ ਲਵੇ ਤਾਂ ਸਾਰਾ ਕੁਝ ਨਿਯਮਤ ਹੋ ਸਕਦਾ ਹੈ। ਮੈਥੇਨੌਲ ਆਨ ਲਾਈਨ ਮਿਲਦਾ ਹੈ, ਜਿਸਨੂੰ ਕੋਈ ਵੀ ਖ ?ਰੀਦ ਸਕਦਾ ਹੈ। ਅਜੇ ਵੀ ਡੁਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ ਸਰਕਾਰ ਕੋਈ ਸਾਰਥਿਕ ਅਜਿਹੇ ਕਾਨੂੰਨ ਬਣਾਏ ਜਿਹੜੇ ਮਿਸਾਲੀ ਸਜਾ ਦੇਣ ਦੇ ਸਮਰੱਥ ਹੋਣ ਤਾਂ ਜੋ ਕਚਹਿਰੀਆਂ ਵਿੱਚ ਜਾ ਕੇ ਦੋਸ਼ੀ ਬਚ ਨਾ ਸਕਣ।

**ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ**
**ਮੋਬਾਈਲ-94178 13072**
**ujagarsinghDH@yahoo.com**

# ਵਿਧਾਇਕ ਚੱਬੇਵਾਲ ਡਾ. ਇਸ਼ਾਂਕ ਨੇ ਫੁਗਲਾਣਾ ਵਿੱਚ ਨਵੇਂ ਓਟ ਕਲੀਨਿਕ ਦਾ ਕੀਤਾ ਉਦਘਾਟਨ

## ਨਸ਼ਾ ਮੁਕਤੀ ਅਭਿਆਨ ਨੂੰ ਮਿਲੀ ਨਵੀਂ ਰਫ਼ਤਾਰ

**ਹੁਸ਼ਿਆਰਪੁਰ, /ਤਰਸੇਮ ਦੀਵਾਨਾ**

ਚੱਬੇਵਾਲ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਫੁਗਲਾਣਾ ਪਿੰਡ ਵਿਖੇ ਫਗਵਾੜਾ-ਹੁਸ਼ਿਆਰਪੁਰ ਰੋਡ 'ਤੇ ਨਵੇਂ 'ਓਟ' (®®1") ਕਲੀਨਿਕ ਦਾ ਉਦਘਾਟਨ ਕੀਤਾ। ਉਹਨਾਂ ਨੇ ਕਿਹਾ ਕਿ ਇਹ ਕਲੀਨਿਕ ਆਲੇ-ਦੁਆਲੇ ਦੇ ਪਿੰਡਾਂ ਲਈ ਇਕ ਮਹੱਤਵਪੂਰਨ ਚਿਕਿਤਸਾ ਸਹੂਲਤ ਹੋਵੇਗੀ, ਜਿਸ ਦਾ ਮੁੱਖ ਉਦੇਸ਼ ਨਸ਼ੇ ਦੀ ਲਤ ਵਿਚ ਫਸੇ ਹੋਏ ਲੋਕਾਂ ਨੂੰ ਇਲਾਜ ਅਤੇ ਪਰਾਮਰਸ਼ ਸਹੂਲਤਾਂ ਮੁਹੱਈਆ ਕਰਵਾ ਕੇ ਉਹਨਾਂ ਨੂੰ ਮੁੜ ਸਮਾਜ ਦੀ ਮੁੱਖਧਾਰਾ ਨਾਲ ਜੋੜਨਾ ਹੈ।

ਡਾ. ਇਸ਼ਾਂਕ ਨੇ ਕਿਹਾ, "ਯੁੱਧ ਨਸ਼ਿਆਂ ਵਿਰੁੱਧ"ਅਭਿਆਨ ਤਹਿਤ ਅਸੀਂ ਸਿਰਫ ਜਾਗਰੂਕਤਾ ਤੱਕ ਹੀ ਸੀਮਤ ਨਹੀਂ ਹਾਂ, ਸਗੋਂ ਜੋ ਲੋਕ ਨਸ਼ੇ ਦੀ ਗਿਰਫ਼ਤ ਵਿਚ ਹਨ, ਉਹਨਾਂ ਨੂੰ ਬਚਾਉਣ ਲਈ ਠੋਸ ਕਦਮ ਚੁੱਕ ਰਹੇ ਹਾਂ। ਪੰਜਾਬ ਸਰਕਾਰ ਇਸ ਦਿਸ਼ਾ ਵਿੱਚ ਸਹਾਇਕ ਪ੍ਰਣਾਲੀਆਂ ਨੂੰ ਹੋਰ ਮਜ਼ਬੂਤ ਤੇ ਤੇਜ਼ ਕਰ ਰਹੀ ਹੈ।

ਉਹਨਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਨੌਜਵਾਨਾਂ ਨੂੰ ਨਸ਼ਿਆਂ ਤੋਂ ਮੁਕਤ ਕਰਣ ਲਈ ਵਚਨਬੱਧ ਹੈ ਅਤੇ ਅਜਿਹੇ ਕਲੀਨਿਕਾਂ ਦੀ ਗਿਣਤੀ ਵਧਾ ਕੇ ਹਰ ਲੋੜਵੰਦ ਤੱਕ ਮਦਦ ਪਹੁੰਚਾਈ ਜਾਵੇਗੀ। ਡਾ. ਇਸ਼ਾਂਕ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਪਰਿਵਾਰ, ਪਿੰਡ ਤੇ ਸਮਾਜ ਨੂੰ ਨਸ਼ਿਆਂ ਤੋਂ ਬਚਾਉਣ ਲਈ ਆਪਣਾ ਸਰਗਰਮ ਭੂਮਿਕਾ ਨਿਭਾਓਣ।



ਇਸ ਮੌਕੇ ਡਿਪਟੀ ਮੈਡੀਕਲ ਕਮਿਸ਼ਨਰ-ਕਮ-ਨੋਡਲ ਅਧਿਕਾਰੀ ਡਾ. ਹਰਬੰਸ ਕੌਰ ਨੇ ਕਿਹਾ ਕਿ ਓਟ ਕਲੀਨਿਕਾਂ ਦਾ ਮਕਸਦ ਨਸ਼ਿਆਂ ਦੀ ਲਤ ਨਾਲ ਜੂਝ ਰਹੇ ਵਿਅਕਤੀਆਂ ਨੂੰ ਬਿਨਾਂ ਕਿਸੇ ਭੇਦਭਾਵ ਦੇ ਦਵਾਈ ਅਤੇ ਕੌਂਸਲਿੰਗ ਸਹੂਲਤਾਂ ਦੇਣਾ ਹੈ, ਤਾਂ ਜੋ ਉਹ ਮੁੜ ਨਾਰਮਲ ਜੀਵਨ ਵੱਲ ਵਾਪਸ ਆ ਸਕਣ।

ਕਾਰਜਕ੍ਰਮ(ਸਮਾਰੋਹ) ਵਿੱਚ ਡਾ. ਮਹਿਮਾ ਮਨਹਾਸ (ਮੈਡੀਕਲ ਅਫ਼ਸਰ), ਨਿਸ਼ਾ ਰਾਣੀ (ਪ੍ਰਬੰਧਕ), ਰਜਵਿੰਦਰ ਕੌਰ (ਕਾਊਂਸਲਰ), ਪਰਮਿੰਦਰ ਕੌਰ, ਪ੍ਰਸ਼ਾਂਤ ਸਮੇਤ ਹੋਰ ਅਧਿਕਾਰੀ ਹਾਜ਼ਰ ਸਨ। ਅਧਿਕਾਰੀਆਂ ਨੇ ਸਾਂਝਾ ਰੂਪ ਵਿੱਚ ਕਿਹਾ ਕਿ ਨਸ਼ਾ ਮੁਕਤੀ ਸਿਰਫ ਸਰਕਾਰ ਦੀ ਜ਼ਿੰਮੇਵਾਰੀ ਨਹੀਂ, ਸਗੋਂ ਪੂਰੇ ਸਮਾਜ ਨੂੰ ਇਸ ਜੰਗ ਵਿੱਚ ਆਪਣਾ ਯੋਗਦਾਨ ਪਾਉਣਾ ਹੋਵੇਗਾ।


ਓਟ ਕਲੀਨਿਕ ਵਿੱਚ ਮਰੀਜ਼ਾਂ ਨੂੰ ਡਾਕਟਰਾਂ ਦੀ ਦੇਖ-ਰੇਖ ਹੇਠ ਢੁੱਕਵੀਆਂ ਦਵਾਈਆਂ ਅਤੇ ਤਜਰਬੇਕਾਰ ਕੌਂਸਲਰਾਂ ਵੱਲੋਂ ਮਾਨਸਿਕ ਮਦਦ ਮਿਲੇਗੀ, ਜਿਸ ਰਾਹੀਂ ਉਹਨਾਂ ਦੀ ਨਸ਼ੇ ਉੱਤੇ ਨਿਰਭਰਤਾ ਹੌਲੀ-ਹੌਲੀ ਘੱਟ ਹੋਵੇਗੀ। ਫੁਗਲਾਣਾ ਵਿੱਚ ਬਣਾਇਆ ਗਿਆ ਇਹ ਨਵਾਂ ਕਲੀਨਿਕ ਆਲੇ-ਦੁਆਲੇ ਦੇ ਸੈਂਕੜਿਆਂ ਪਰਿਵਾਰਾਂ ਲਈ ਉਮੀਦ ਦੀ ਕਿਰਣ ਸਾਬਤ ਹੋਵੇਗਾ ਅਤੇ ਰਾਜ ਸਰਕਾਰ ਦੇ ਨਸ਼ਾ ਵਿਰੋਧੀ ਅਭਿਆਨ ਨੂੰ ਹੋਰ ਮਜ਼ਬੂਤੀ ਦੇਵੇਗਾ।

ਇਸ ਮੌਕੇ ਡਾ. ਅਨਿਲ ਕੁਮਾਰ, ਡਾ. ਕ੍ਰਿਸ਼ਨ ਗੋਪਾਲ, ਸਰਪੰਚ ਵਿਪਨ ਠਾਕੁਰ (ਫੁਗਲਾਣਾ), ਗੁਰਮੀਤ ਸਿੰਘ (ਪੰਚ), ਸਨਾਵਰ ਸਿੰਘ (ਪੰਚ), ਪ੍ਰੇਮ ਬਾਂਗੜ, ਡਾ. ਬਾਰਟੂ, ਅਵਤਾਰ ਸਿੰਘ ਧਾਮੀ, ਸਰਪੰਚ ਪਰਮਜੀਤ ਸਿੰਘ (ਖਨੌੜਾ), ਸਰਪੰਚ ਅੰਮ੍ਰਿਤ (ਪੰਡੋਰੀ ਕਦ) ਸਮੇਤ ਕਈ ਹੋਰ ਪਤਵੰਤੇ ਵਿਅਕਤੀ ਹਾਜ਼ਰ ਸਨ।

# ਨੈਕਸਸ ਅੰਮ੍ਰਿਤਸਰ ਮਾਲ ਵਿਚ ਡਿਨੋਵਰਸ ਦੇ ਨਾਲ ਡਾਇਨਾਸੋਰ ਹੋਏ ਜੀਵਾਂਤ

**ਅੰਮ੍ਰਿਤਸਰ**

ਨੈਕਸਸ ਅੰਮ੍ਰਿਤਸਰ ਮਾਲ 7 ਜੂਨ ਤੋਂ ਲਾਂਚ ਹੋਣ ਵਾਲੇ ਡਾਇਨਾਸੋਰ - ਥੀਮ ਵਾਲੇ ਇਕ ਅਨੁਭਵ ਡਾਇਨੋਵਰਸ ਦੀ ਸ਼ੁਰੂਆਤ ਕਰਣ ਜਾ ਰਿਹਾ ਹੈ। ਅਪਣੀ ਤਰਾਂ ?ਹ ਦੀ ਇਕ ਅਨੌਖੀ ਪਹਿਲ ਵਿਚ ਮਾਲ ਦਾ ਪਰਿਆਸ ਲਾਇਫ ਸਾਇਜ ਡਾਇਨਾਸੋਰ ਮਾਡਲਸ ਦੇ ਰਾਹੀਂ ਪ੍ਰੀ ਹਿਸਟੋਰਿਕ ਵਰਡ ਦਾ ਰੋਮਾਂਚ ਪੈਦਾ ਕਰਣਾ ਹੈ। ਵਿ ?ਜਟਰਸ ਦਾ ਸੁਵਾਗਤ ਪ੍ਰਵੇਸ਼ ਦੁਆਰ ਤੇ ਇਕ ਵਿਸ਼ਾਲ ਡਾਇਨਾਸੋਰ ਦੇ ਮਾਡਲ ਦੁਆਰਾ ਕੀਤਾ ਜਾਵੇਗਾ, ਜੋ ਕਿ ਜੁਰਾਜਿਕ ਯਾਤਰਾ ਦਾ ਮੰਚ ਤਿਆਰ ਕਰੇਗਾ। ਇਕ ਵਿਸ਼ੇਸ਼ ਜੋਨ ਨੂੰ ਪ੍ਰੀ ਹਿਸਟੋਰਿਕ ਵਿਚ ਬਦਲਿਆ ਗਿਆ ਹੈ ਜਿੱਥੇ ਲੋਕਾਂ ਨੂੰ ਫਾਸਿਲਸ, ਡਾਇਨਾਸੋਰ ਦੇ ਅੰਡੇ ਅਤੇ ਚੈਚਿੰਗ ਬੇਬੀ ਡਾਇਨਾਸੋਰ ਵਿਖਾਏ ਜਾਣਗੇਂ। ਬਚੇ ਡਾਇਨਾਸੋਰ ਦੀ ਸਵਾਰੀ ਲੈ ਸਕਦੇ ਹਨ ਅਤੇ ਐਕਟਿਵਿਟੀ ਜੋਨ ਵਿਚ 15 ਮਿਨਟ ਦੀ ਵਰਕਸ਼ਾਪ ਵਿਚ ਭਾਗ ਲੈ ਸਕਦੇ ਹਨ। ਇਕ ਦੋਸਤਾਨਾ ਡਾਇਨਾਸੋਰ ਹਰ ਘੰਟੇ ਲਾਇਵ ਵਿਖਾਇਆ ਜਾਵੇਗਾ ਜਿਸ ਨਾਲ ਲੋਕੀ ਸੈਲਫੀ ਲੈ ਸਕਦੇ ਹਨ।




# ਪੰਜਾਬ ਸਰਕਾਰ ਨਸ਼ਿਆ ਨੂੰ ਠੱਲ੍ਹ ਪਾਉਣ ਵਿੱਚ ਬੁਰੀ ਤਰ੍ਹਾ ਫੇਲ੍ਹ ਹੋਈ - ਅਵਤਾਰ ਸਿੰਘ ਕਰੀਮਪੁਰੀ

**ਸ੍ਰੀ ਅੰਮ੍ਰਿਤਸਰ ਸਾਹਿਬ/ਬਿਊਰੋ**

ਬਹੁਜਨ ਸਮਾਜ ਪਾਰਟੀ ਜ਼ਿਲ੍ਹਾ ਅੰਮ੍ਰਿਤਸਰ ਦੀ ਹੰਗਾਮੀ ਮੀਟਿੰਗ ਜਿਲ੍ਹਾ ਸ਼ਹਿਰੀ ਪ੍ਰਧਾਨ ਨੱਥਾ ਸਿੰਘ ਜਿਲ੍ਹਾ ਦਿਹਾਤੀ ਪ੍ਰਧਾਨ ਸੁਰਜੀਤ ਸਿੰਘ ਅਬਦਾਲ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਮੁੱਖ ਮਹਿਮਾਨ ਡਾ: ਅਵਤਾਰ ਸਿੰਘ ਕਰੀਮਪੁਰੀ ਸੂਬਾ ਪ੍ਰਧਾਨ ਬਸਪਾ ਸਾਬਕਾ ਮੈਂਬਰ ਪਾਰਲੀਮੈਂਟ ਅਤੇ ਵਿਸੇਸ਼ ਮਹਿਮਾਨ ਸੂਬਾ ਇੰਚਾਰਜ ਚੌਧਰੀ ਗੁਰਨਾਮ ਸਿੰਘ, ਸੂਬਾ ਜਨਰਲ ਸਕੱਤਰ ਸੁਖਦੇਵ ਸਿੰਘ ਸੀਰਾ,ਜੋਨ ਅੰਮ੍ਰਿਤਸਰ ਦੇ ਇੰਚਾਰਜ ਤਾਰਾ ਚੰਦ ਭਗਤ ਜੋਨ ਇੰਚਾਰਜ ਸੁਰਜੀਤ ਸਿੰਘ ਭੈਲ ਅਤੇ ਸੂਬਾ ਸਕੱਤਰ ਬਲਵੰਤ ਕੈਹਰਾ ਪਹੁੰਚੇ।ਇਸ ਮੌਕੇ ਸੂਬਾ ਪ੍ਰਧਾਨ ਡਾ: ਅਵਤਾਰ ਕਰੀਮਪੁਰੀ ਨੇ ਬਸਪਾ ਜਿਲ੍ਹਾ ਅੰਮ੍ਰਿਤਸਰ ਦੀ ਸਮੁੱਚੀ ਟੀਮ ਵੱਲੋਂ ਪਾਰਟੀ ਪ੍ਰਤੀ ਕੀਤੇ ਗਏ ਕੰਮਾਂ ਦੀ ਸਮੀਖਿਆ ਕੀਤੀ ਗਈ ਅਤੇ ਪਾਰਟੀ ਹੋਰ ਮਜ਼ਬੂਤੀ ਲਈ ਸਮੂੰਹ ਆਹੁਦੇਦਾਰਾਂ ਤੇ ਵਰਕਰਾਂ ਦੀਆਂ ਡਿਊਟੀਆਂ ਲਗਾਈਆਂ ਗਈਆਂ ਕਿ ਬਸਪਾ ਦੀਆਂ ਨੀਤੀਆਂ ਨੂੰ ਘਰ ਘਰ ਤੱਕ ਪੁੱਜਦਾ ਕੀਤਾ ਜਾਵੇ,ਤੋਂ ਇਲਾਵਾ ਬੂਥ ਅਤੇ ਸੈਕਟਰ ਪੱਧਰ ਦੀਆ ਕਮੇਟੀਆ ਨੂੰ ਜਲਦ ਮੁਕੰਮਲ ਕਰਕੇ ਪੰਜਾਬ ਵਿਧਾਨ ਸਭਾ 2027 ਦੀਆਂ ਚੋਣਾ ਲਈ ਹੁਣ ਤੋਂ ਹੀ ਕਮਰਕੱਸੇ ਕੀਤੇ ਜਾਣ। ਪੰਜਾਬ ਸਰਕਾਰ ਤੇ ਵਰਦਿਆਂ ਉਨ੍ਹਾ ਕਿਹਾ ਕਿ ਸਰਕਾਰ ਨੱਸਿਆ ਨੂੰ ਠੱਲ੍ਹ ਪਾਉਣ ਵਿੱਚ ਬੁਰੀ ਤਰ੍ਹਾਂ ਫੇਲ੍ਹ ਹੋ ਚੁੱਕੀ ਹੈ ਪੰਜਾਬ ਵਿੱਚ ਨਸ਼ੇ ਨਾਲ ਨਿੱਤ ਦਿਨ ਮੌਤਾਂ ਹੋ ਰਹੀਆਂ ਹਨ ਸੂਬਾ ਇੰਚਾਰਜ ਚੌਧਰੀ ਗੁਰਨਾਮ ਸਿੰਘ ਨੇ ਕਿਹਾ ਕਿ ਪੰਜਾਬ ਵਿੱਚ ਹੁਣ ਵੀ ਗੁੰਡਾ ਰਾਜ ਹੈ ਸ਼ਰੇਆਮ ਗੋਲੀਆਂ ਨਾਲ ਬੇਦੋਸ਼ੇ ਲੋਕਾਂ ਨੂੰ ਮੌਤ ਦੇ ਘਾਟ ਉਤਾਰਿਆ ਜਾ ਰਿਹਾ ਹੈ।ਸੁਖਦੇਵ ਸਿੰਘ ਸੀਰਾ ਨੇ ਕਿਹਾ ਕਿ ਪੰਜਾਬ ਵਿੱਚ ਬਸਪਾ ਦੀ ਸਰਕਾਰ ਆਉਣ ਤੇ ਹਰੇਕ ਵਰਗ ਨੂੰ ਬਿਨਾਂ ਸ਼ਰਤ ਸਾਰੀਆਂ ਸੁੱਖ ਸਹੂਲਤਾਂ ਦਿੱਤੀਆਂ ਜਾਣਗੀਆ।ਇਸ ਮੌਕੇ ਬਸਪਾ ਪ੍ਰਧਾਨ ਡਾ: ਅਵਤਾਰ ਸਿੰਘ ਕਰੀਮਪੁਰੀ ਦੀ ਰਹਿਨੁਮਾਈ ਹੇਠ ਵੱਖ ਵੱਖ ਰਾਜਨੀਤਿਕ ਪਾਰਟੀਆਂ ਦੇ ਸਤਾਏ ਹੋਏ ਲੋਕਾਂ ਨੇ ਬਹੁਜਨ ਸਮਾਜ ਪਾਰਟੀ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ ਜਿੰਨ੍ਹਾ ਨੂੰ ਸੂਬਾ ਪ੍ਰਧਾਨ ਵੱਲੋ ਸਿਰੋਪਾਓ ਪਾ ਕੇ ਸਨਮਾਨਿਤ ਕੀਤਾ ਅਤੇ ਪਾਰਟੀ ਵਿੱਚ ਬਣਦਾ ਮਾਣ ਸਤਿਕਾਰ ਦੇਣ ਦਾ ਵਿਸ਼ਵਾਸ ਦੁਆਇਆ।ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਮੰਗਲ ਸਿੰਘ ਸਹੋਤਾ ਜਿਲ੍ਹਾ ਮੀਤ ਪ੍ਰਧਾਨ, ਜਗਦੀਸ਼ ਦੁੱਗਲ ਜਿਲ੍ਹਾ ਇੰਚਾਰਜ,ਗਿਆਨੀ ਬਲਦੇਵ ਸਿੰਘ, ਪਿੰਕੀ ਪ੍ਰਧਾਨ, ਬਲਿਹਾਰ ਸਿੰਘ,ਬੀ ਡੀ ਭਗਤ,ਇੰਦਰਜੀਤ ਕੁਮਾਰ, ਮਾਸਟਰ ਕਿਸ਼ਨ ਲਾਲ, ਹਰਜੀਤ ਸਿੰਘ ਜ਼ਿਲ੍ਹਾ ਇੰਚਾਰਜ, ਕੇਵਲ ਸਿੰਘ,ਜ਼ਿਲ੍ਹਾ ਇੰਚਾਰਜ ਗੁਰਬਖਸ਼ ਸਿੰਘ ਮਹੇ, ਅਸ਼ਵਨੀ ਸਰੰਜਣ,ਲਲਿਤ ਗੌਤਮ,ਗੁਰਮੀਤ ਸਿੰਘ ਸੈਣੀ, ਵੱਸਣ ਸਿੰਘ, ਸੁਖਦੇਵ ਸਿੰਘ ਰਾਜੋਕੇ, ਵਰਿਆਮ ਸਿੰਘ ਝੰਜੋਟੀ, ਬਲਵਿੰਦਰ ਸਿੰਘ ਨੱਥੂਪੁਰ,ਗੁਲਜ਼ਾਰ ਸਿੰਘ,ਰਤਨ ਸਿੰਘ,ਸਰਦੂਲ ਸਿੰਘ,ਰੂਪ ਲਾਲ,ਜਗਦੀਸ਼ ਸਿੰਘ,ਬਸੰਬਰ ਲਾਲ, ਅਰਜਨ ਸਿੰਘ ਆਦਿ ਹਾਜ਼ਰ ਸਨ।



# ਸਿਵਲ ਸਰਜਨ ਦਫ਼ਤਰ ਦੀ ਵਿਖੇ ਪੌਦੇ ਲਗਾ ਕੇ ਵਿਸ਼ਵ ਵਾਤਾਵਰਣ ਦਿਵਸ ਮਨਾਇਆ ਗਿਆ

## ਬੀਮਾਰੀਆਂ ਤੋਂ ਬਚਾਅ ਲਈ ਵਾਤਾਵਰਣ ਦੀ ਸ਼ੁੱਧਤਾ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ: ਸਿਵਲ ਸਰਜਨ ਡਾ. ਪਵਨ ਕੁਮਾਰ ਸ਼ਗੋਤਰਾ

**ਹੁਸ਼ਿਆਰਪੁਰ /ਤਰਸੇਮ ਦੀਵਾਨਾ**

ਅੱਜ ਦੇ ਜ਼ਮਾਨੇ ਵਿੱਚ ਮਨੁੱਖੀ ਗਤੀਵਿਧੀਆਂ ਜਿਵੇਂ ਕਿ ਆਵਾਜ਼ਾਈ ਦੇ ਸਾਧਨ, ਫੈਕਟਰੀ, ਇਮਾਰਤਾਂ ਆਦਿ ਦੇ ਨਿਰਮਾਣ ਦੀਆਂ ਗਤੀਵਿਧੀਆਂ, ਪਾਵਰ ਪਲਾਂਟ, ਕੂੜਾ ਕਰਕਟ ਆਦਿ ਦੇ ਬਾਲਣ ਕਾਰਨ ਲਗਾਤਾਰ ਪ੍ਰਦੂਸ਼ਣ ਵੱਧ ਰਿਹਾ ਹੈ। ਵਾਤਾਵਰਨ ਨੂੰ ਸਾਫ਼ ਰੱਖਣਾ ਇੱਕ ਵੱਡੀ ਚੁਣੌਤੀ ਬਣ ਚੁੱਕਾ ਹੈ। ਵਿਸ਼ਵ ਵਿੱਚ ਵੱਧ ਰਹੀ ਵਾਤਾਵਰਣ ਪ੍ਰਦੂਸ਼ਣ ਅਤੇ ਜਲਵਾਯੂ ਪਰਿਵਰਤਨ ਕਾਰਨਾ ਵੱਧ ਰਹੀ ਗਰਮੀ, ਹੜ੍ਹਾਂ ਅਤੇ ਹੋਰ ਸੰਬੰਧਤ ਕੁਦਰਤੀ ਆਫਤਾਂ ਦੇ ਵੱਧ ਰਹੇ ਖਤਰੇ ਸੰਬੰਧੀ ਜਾਗਰੂਕ ਹੋਣ ਲਈ ਅਤੇ ਇਸ ਸੰਬੰਧੀ ਜੋ ਵੀ ਉਪਰਾਲੇ ਵਿਅਕਤੀਗਤ ਪੱਧਰ ਤੇ ਕੀਤੇ ਜਾ ਸਕਦੇ ਹਨ, ਦੇ ਮੱਦੇਨਜ਼ਰ ਸਿਵਲ ਸਰਜਨ ਡਾ. ਪਵਨ ਕੁਮਾਰ ਸ਼ਗੋਤਰਾ ਵੱਲੋਂ ਦਫਤਰ ਸਿਵਲ ਸਰਜਨ ਦੀ ਮਲੇਰੀਆ ਬ੍ਰਾਂਚ ਵਿਖੇ ਪੌਦੇ ਲਗਾ ਕੇ ਵਿਸ਼ਵ ਵਾਤਾਵਰਣ ਦਿਵਸ ਮਨਾਇਆ ਗਿਆ। ਇਸ ਮੌਕੇ ਉਨ੍ਹਾਂ ਦੇ ਨਾਲ ਜਿਲ੍ਹਾ ਪਰਿਵਾਰ ਭਲਾਈ ਅਫਸਰ ਡਾ. ਰਣਜੀਤ ਸਿੰਘ, ਜਿਲ੍ਹਾ ਐਪੀਡਿਮੋਲੇਜਿਸਟ ਡਾ ਜਗਦੀਪ ਸਿੰਘ, ਜਿਲਾ ਐਪੀਡਮੋਲਜਿਸਟ ਆਈਡੀਐਸਪੀ ਡਾ ਸੈਲੇਸ਼ ਕੁਮਾਰ, ਡਿਪਟੀ ਮਾਸ ਮੀਡੀਆ ਅਫਸਰ ਰਮਨਦੀਪ ਕੌਰ, ਸੁਪਰਡੈਂਟ ਮਨੋਹਰ ਲਾਲ, ਐਚਆਈ ਜਸਵਿੰਦਰ ਸਿੰਘ, ਐਚਆਈ ਤਰਸੇਮ ਸਿੰਘ ਅਤੇ ਐਚਆਈ ਵਿਸ਼ਾਲ ਪੁਰੀ ਹਾਜ਼ਰ ਸਨ। ਇਸ ਮੌਕੇ ਪਲਾਸਟਿਕ ਦੇ ਬੁਰੇ ਪ੍ਰਭਾਵਾਂ ਤੋਂ ਜਾਗਰੂਕ ਕਰਦਾ ਲਿਟਰੇਚਰ ਵੀ ਰਿਲੀਜ਼ ਕੀਤਾ ਗਿਆ।



ਸਿਵਲ ਸਰਜਨ ਨੇ ਇਸ ਮੌਕੇ ਕਿਹਾ ਕਿ ਅਸੀਂ ਸਾਰੇ ਜਾਣਦੇ ਹਾਂ ਕਿ ਇਸ ਸਮੇਂ ਪਲਾਸਟਿਕ ਦੀ ਵਰਤੋਂ ਵਾਤਾਵਰਣ ਲਈ ਬਹੁਤ ਹਾਨੀਕਾਰਕ ਹੈ ਅਤੇ ਸਾਨੂੰ ਇਸ ਦੀ ਵਰਤੋਂ ਨੂੰ ਰੋਕਣ ਵੱਲ ਧਿਆਨ ਦੇਣਾ ਚਾਹੀਦਾ ਹੈ। ਕਿਉਂਕਿ ਪਲਾਸਟਿਕ ਦਹਾਕਿਆਂ/ਸਦੀਆਂ ਲਈ ਵਾਤਾਵਰਣ ਵਿੱਚ ਰਹਿੰਦਾ ਹੈ/ਨਸ਼ਟ ਨਹੀਂ ਹੁੰਦਾ।ਅਜਿਹੇ 'ਚ ਇਸ ਸਾਲ ਵਿਸ਼ਵ ਵਾਤਾਵਰਣ ਦਿਵਸ 2025 ਦਾ ਥੀਮ ÷ਪਲਾਸਟਿਕ ਪ੍ਰਦੂਸ਼ਣ ਦਾ ਅੰਤ÷ ਪਲਾਸਟਿਕ ਦੀ ਵਰਤੋਂ ਨੂੰ ਖਤਮ ਕਰਨ ਨੂੰ ਲੈਕੇ ਹੈ। ਜਦਕਿ ਪੂਰੇ ਵਿਸ਼ਵ ਵਿੱਚ ਹਰ ਸਾਲ ਕਰੋੜਾਂ ਟਨ ਪਲਾਸਟਿਕ ਦਾ ਉਤਪਾਦਨ ਹੁੰਦਾ ਹੈ। ਇਸ ਵਿੱਚੋਂ ਅੱਧੇ ਦਾ ਇਸਤੇਮਾਲ ਸਿਰਫ ਇੱਕ ਬਾਰ ਹੋ ਪਾਉਂਦਾ ਹੈ, ਜਦਕਿ 10 ਫੀਸਦੀ ਹੀ ਰੀਸਾਈਕਲ ਹੋ ਪਾਉਂਦਾ ਹੈ। ਪਲਾਸਟਿਕ ਵਿੱਚ ਵਰਤੇ ਜਾਣ ਵਾਲੇ ਕਈ ਤਰ੍ਹਾਂ ਦੇ ਰਸਾਇਣਕ ਪਦਾਰਥ ਜੋ ਕਿ ਹਵਾ, ਪਾਣੀ, ਮਿੱਟੀ ਵਿੱਚ ਵੀ ਆ ਜਾਂਦੇ ਹਨ ਅਤੇ ਕਈ ਤਰ੍ਹਾਂ ਦੀਆਂ ਬਿਮਾਰੀਆਂ ਜਿਵੇਂ ਕਿ ਦਿਲ, ਪੇਟ, ਜਿਗਰ, ਫੇਫੜਿਆਂ ਦੀਆਂ ਬਿਮਾਰੀਆਂ, ਮਧੂਮੇਹ, ਹਾਰਮੋਨ ਬਦਲਾਅ, ਕੈਂਸਰ ਵਰਗੀਆਂ ਗੰਭੀਰ ਬਿਮਾਰੀਆਂ ਨੂੰ ਜਨਮ ਦੇ ਰਿਹਾ ਹੈ। ਬੀਮਾਰੀਆਂ ਤੋਂ ਬਚਾਅ ਲਈ ਵਾਤਾਵਰਣ ਦੀ ਸ਼ੁੱਧਤਾ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਇਸ ਲਈ ਜਿੱਥੋਂ ਤੱਕ ਹੋ ਸਕੇ, ਪਲਾਸਟਿਕ ਦੇ ਉਪਯੋਗ ਤੋਂ ਬਚਣਾ ਚਾਹੀਦਾ ਹੈ ਅਤੇ ਵਾਤਾਵਰਣ ਅਨੁਕੂਲਿਤ ਅਤੇ ਟਿਕਾਊ ਪਲਾਸਟਿਕ ਦੇ ਵਿਕਲਪ ਵਰਤੋਂ ਵਿੱਚ ਲਿਆਉਣੇ ਚਾਹੀਦੇ ਹਨ।

ਡਾ. ਜਗਦੀਪ ਸਿੰਘ ਨੇ ਕਿਹਾ ਕਿ ਵਾਤਾਵਰਣ ਸੰਬੰਧੀ ਸਮੱਸਿਆਵਾਂ ਜਿਵੇਂ ਕਿ ਹਵਾ ਪ੍ਰਦੂਸ਼ਣ, ਪਾਣੀ ਅਤੇ ਮਿੱਟੀ ਪ੍ਰਦੂਸ਼ਣ, ਹੋਰ ਜਲਵਾਯੂ ਪਰਿਵਰਤਨ ਜਿਵੇਂ ਕਿ ਹਰ ਸਾਲ ਤਾਪਮਾਨ ਵਿੱਚ ਵਾਧਾ ਆਦਿ ਵੱਲ ਤੁਰੰਤ ਵਿਸ਼ੇਸ਼ ਧਿਆਨ ਦੇ ਕੇ ਇਸ ਸੰਬੰਧੀ ਸੁਧਾਰ ਕਰਨ ਦੀ ਬਹੁਤ ਲੋੜ ਹੈ, ਇਸ ਦੇ ਨਾਲ ਹੀ ਕੁਦਰਤ ਨੂੰ ਬਚਾਉਣ ਲਈ ਪਲਾਸਟਿਕ ਦੀ ਵਰਤੋਂ ਨੂੰ ਘੱਟ/ਖਤਮ ਕਰਨਾ ਵੀ ਬਹੁਤ ਜਰੂਰੀ ਹੈ। ਕਿਉਂਕਿ ਮੌਜੂਦਾ ਸਮੇਂ ਵਿੱਚ ਇੱਕ ਆਮ ਆਦਮੀ ਔਸਤਨ ਹਰ ਹਫਤੇ ਪਾਣੀ, ਭੋਜਨ, ਹਵਾ ਆਦਿ ਰਾਹੀਂ ਲਗਭੱਗ 5 ਗ੍ਰਾਮ ਪਲਾਸਟਿਕ /ਮਾਈਕ੍ਰੋਪਲਾਸਟਿਕ ਕਿਸੇ ਨਾ ਕਿਸੇ ਰੂਪ ਵਿੱਚ ਖਾ ਰਿਹਾ ਹੈ ਜਾਂ ਸਾਹ ਰਾਹੀਂ ਸਰੀਰ ਅੰਦਰ ਲੈ ਰਿਹਾ ਹੈ। ਇਸਤੋਂ ਬਚਾਅ ਲਈ ਜਰੂਰੀ ਹੈ ਕਿ ਮੁੜ-ਵਰਤੋ ਹੋ ਸਕਣ ਵਾਲੇ ਵਾਤਾਵਰਣ ਅਨੁਕੂਲਿਤ ਬੈਗ ਜਿਵੇਂ ਕਿ ਪਟਸਨ/ਕੱਪੜੇ ਦੇ ਥੈਲੇ ਵਰਤੇ ਜਾਣ, ਮੁੜ-ਵਰਤੋ ਹੋ ਸਕਣ ਵਾਲੀ ਪਾਣੀ ਦੀ ਬੋਤਲ ਨਾਲ ਲੈਕੇ ਚੱਲਿਆ ਜਾਵੇ। ਡਿਸਪੋਜ਼ਿਬਲ/ਥਰਮੋਕੋਲ ਆਦਿ ਦੇ ਕੱਪ/ਪਲੇਟਾਂ/ਚਮਚੇ ਨਾ ਵਰਤੇ ਜਾਣ ਅਤੇ ਜਿੱਥੋਂ ਤੱਕ ਹੋ ਸਕੇ ਪੈਕਡ ਸਬਜ਼ੀਆਂ, ਫੱਲ ਅਤੇ ਪੈਕਡ ਖਾਣੇ ਦੀ ਖਰੀਦਦਾਰੀ ਤੋਂ ਬਚਿਆ ਜਾਵੇ। ਅੱਜ-ਕੱਲ੍ਹ ਬਾਜਾਰ ਵਿੱਚ ਵੀ ਵਾਤਾਵਰਣ ਅਨੁਕੂਲਿਤ ਪਲਾਸਟਿਕ ਦੇ ਬਹੁਤ ਸਾਰੇ ਵਿਕਲਪ ਮੌਜੂਦ ਹਨ। ਇਹਨਾਂ ਚੀਜਾਂ/ਗੱਲਾਂ ਨੂੰ ਅਸੀਂ ਸਾਰੇ ਅਮਲ ਵਿੱਚ ਲਿਆ ਕੇ ਹੀ ਜੀਵਨ ਦੇ ਅਨੁਕੂਲ ਵਾਤਾਵਰਣ ਨੂੰ ਬਰਕਰਾਰ ਰੱਖ ਸਕਦੇ ਹਾਂ ਅਤੇ ਇਸ ਦਾ ਪਤਨ ਰੋਕ ਸਕਦੇ ਹਾਂ।

# ਪੰਜਾਬ ਦੁਕਾਨਾਂ ਅਤੇ ਵਪਾਰਕ ਸਥਾਪਨਾ ਐਕਟ 1958 'ਚ ਹੋਈ ਸੋਧ ਨਾਲ ਛੋਟੇ ਕਾਰੋਬਾਰੀਆਂ ਨੂੰ ਮਿਲੇਗੀ ਵੱਡੀ ਰਾਹਤ : ਸੰਦੀਪ ਸੈਣੀ

- ▲ ਬੈਕਫਿੰਕੋ ਦੇ ਚੇਅਰਮੈਨ ਨੇ ਮੁੱਖ ਮੰਤਰੀ ਦਾ ਕੀਤਾ ਧੰਨਵਾਦ
- ▲ ਕਿਹਾ, ਕਾਮਿਆਂ ਦੇ ਹੱਕਾਂ ਦੀ ਹੋਵੇਗੀ ਸੁਰੱਖਿਆ

**ਹੁਸ਼ਿਆਰਪੁਰ/ਤਰਸੇਮ ਦੀਵਾਨਾ**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਪੰਜਾਬ ਕੈਬਨਿਟ ਵੱਲੋਂ ਬੀਤੇ ਦਿਨਾਂ ਪੰਜਾਬ ਦੁਕਾਨ ਅਤੇ ਵਪਾਰਕ ਸਥਾਪਨਾ ਐਕਟ, 1958 ਵਿਚ ਕੀਤੀ ਗਈ ਇਤਿਹਾਸਕ ਸੋਧ ਲਈ ਬੈਕਫਿੰਕੋ ਦੇ ਚੇਅਰਮੈਨ ਸੰਦੀਪ ਸੈਣੀ ਨੇ ਮੁੱਖ ਮੰਤਰੀ ਦਾ ਧੰਨਵਾਦ ਪ੍ਰਗਟ ਕੀਤਾ। ਉਨ੍ਹਾਂ ਕਿਹਾ ਕਿ ਇਸ ਪ੍ਰਗਤੀਸ਼ੀਲ ਫ਼ੈਸਲੇ ਨਾਲ ਛੋਟੇ ਦੁਕਾਨਦਾਰਾਂ ਅਤੇ ਵਪਾਰੀਆਂ ਨੂੰ ਵੱਡੀ ਰਾਹਤ ਮਿਲੀ ਹੈ ਅਤੇ ਇਸ ਦਾ ਸਿੱਧਾ ਲਾਭ ਲੱਖਾਂ ਕਾਰੋਬਾਰੀਆਂ ਨੂੰ ਹੋਵੇਗਾ।

ਸ੍ਰੀ ਸੈਣੀ ਨੇ ਕਿਹਾ ਕਿ ਇਸ ਸੋਧ ਤਹਿਤ, 20 ਕਰਮਚਾਰੀਆਂ ਤੱਕ ਵਾਲੇ ਅਦਾਰਿਆਂ ਨੂੰ ਐਕਟ ਦੇ ਉਪਬੰਧਾਂ ਤੋਂ ਛੋਟ ਦਿੱਤੀ ਗਈ ਹੈ। ਅਜਿਹੇ ਅਦਾਰਿਆਂ ਨੂੰ ਕਿਰਤ ਵਿਭਾਗ ਨੂੰ ਸਿਰਫ਼ ਮੁੱਢਲੀ ਜਾਣਕਾਰੀ ਹੀ ਪ੍ਰਦਾਨ ਕਰਨੀ ਪਵੇਗੀ, ਜਿਸ ਨਾਲ ਰਜਿਸਟ ?ਰੇਸ਼ਨ ਪ੍ਰਕਿਰਿਆ ਸਰਲ ਅਤੇ ਪਾਰਦਰਸ਼ੀ ਹੋ ਜਾਵੇਗੀ। ਇਸ ਦੇ ਨਾਲ ਹੀ, 20 ਤੋਂ ਵੱਧ ਕਰਮਚਾਰੀਆਂ ਵਾਲੇ ਅਦਾਰੇ ਹੁਣ ਅਰਜ਼ੀ ਦੇਣ ਦੇ 24 ਘੰਟਿਆਂ ਦੇ ਅੰਦਰ ਆਟੋਮੈਟਿਕ ਰਜਿਸਟ ?ਰੇਸ਼ਨ ਪ੍ਰਾਪਤ ਕਰਨ ਦੇ ਯੋਗ ਹੋਣਗੇ।



ਉਨ੍ਹਾਂ ਕਿਹਾ ਕਿ ਕਾਮਿਆਂ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਓਵਰਟਾਈਮ ਦੀ ਸੀਮਾ ਪ੍ਰਤੀ ਤਿਮਾਹੀ 50 ਤੋਂ ਵਧਾ ਕੇ 144 ਘੰਟੇ ਕਰ ਦਿੱਤੀ ਗਈ ਹੈ ਅਤੇ ਕੰਮ ਦੇ ਘੰਟੇ ਆਰਾਮ ਸਮੇਤ 12 ਘੰਟੇ ਕਰ ਦਿੱਤੇ ਗਏ ਹਨ। ਇਸ ਤੋਂ ਇਲਾਵਾ ਰੋਜ਼ਾਨਾ 9 ਘੰਟੇ ਤੋਂ ਵੱਧ ਕੰਮ ਕਰਨ ਵਾਲੇ ਕਾਮਿਆਂ ਨੂੰ ਦੁੱਗਣੀ ਦਰ ਨਾਲ ਤਨਖਾਹ ਦੇਣਾ ਲਾਜ਼ਮੀ ਕਰ ਦਿੱਤਾ ਗਿਆ ਹੈ।

ਸੰਦੀਪ ਸੈਣੀ ਨੇ ਕਿਹਾ ਕਿ ਜ਼ੁਰਮਾਨਿਆਂ ਨੂੰ ਵਿਵਹਾਰਕ ਬਣਾ ਕੇ, ਹੁਣ ਘੱਟੋ-ਘੱਟ ਜ਼ੁਰਮਾਨਾ 1,000 ਰੁਪਏ ਅਤੇ ਵੱਧ ਤੋਂ ਵੱਧ 30,000 ਰੁਪਏ ਕਰ ਦਿੱਤਾ ਗਿਆ ਹੈ। ਨਾਲ ਹੀ ਸੁਧਾਰ ਦਾ ਮੌਕਾ ਦਿੰਦੇ ਹੋਏ ਤਿੰਨ ਮਹੀਨਿਆਂ ਦੀ ਮਿਆਦ ਅਤੇ ਕੰਪਾਊਂਡਿੰਗ ਦੀ ਸਹੂਲਤ ਵੀ ਪ੍ਰਦਾਨ ਕੀਤੀ ਗਈ ਹੈ।

ਚੇਅਰਮੈਨ ਸੰਦੀਪ ਸੈਣੀ ਨੇ ਕਿਹਾ ਕਿ ਇਹ ਸੋਧ ਛੋਟੇ ਕਾਰੋਬਾਰੀਆਂ ਨੂੰ ਸਸ਼ਕਤ ਬਣਾਉਣ ਅਤੇ ਕਾਮਿਆਂ ਦੇ ਅਧਿਕਾਰਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਵੱਲ ਇੱਕ ਮੀਲ ਪੱਥਰ ਹੈ। ਉਨ੍ਹਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦੂਰਦਰਸ਼ੀ ਕਦਮ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਇਹ ਫੈਸਲਾ ਪੰਜਾਬ ਦੇ ਆਰਥਿਕ ਵਿਕਾਸ ਅਤੇ ਵਪਾਰਕ ਭਾਈਚਾਰੇ ਦੇ ਵਿਕਾਸ ਵਿਚ ਮਹੱਤਵਪੂਰਨ ਯੋਗਦਾਨ ਪਾਵੇਗਾ।

# ਵਾਤਾਵਰਨ ਦੂਸ਼ਿਤ ਹੋਣ ਤੋਂ ਰੋਕਣ ਲਈ ਯੋਗ ਉਪਰਾਲੇ ਕੀਤੇ ਜਾਣ - ਡਾ. ਪ੍ਰੇਮ ਕੁਮਾਰ

- ▲ ਸਿਹਤਮੰਦ ਸਮਾਜ ਲਈ ਵਾਤਾਵਰਨ ਦਾ ਸ਼ੁੱਧ ਹੋਣਾ ਲਾਜ਼ਮੀ- ਡਾ. ਪ੍ਰੇਮ ਕੁਮਾਰ
- ▲ ਬੂਟੇ ਲਗਾ ਕਿ ਮਨਾਇਆ ਵਿਸ਼ਵ ਵਾਤਾਵਰਨ ਦਿਵਸ



**ਕਪੂਰਥਲਾ /ਜੀ ਐੱਸ**

ਮੁੱਢਲਾ ਸਿਹਤ ਕੇਂਦਰ ਢਿੱਲਵਾਂ ਦੇ ਸੀਨੀਅਰ ਮੈਡੀਕਲ ਅਫਸਰ ਡਾ. ਪ੍ਰੇਮ ਕੁਮਾਰ ਦੀ ਯੋਗ ਅਗਵਾਈ ਹੇਠ ਅੱਜ ਬਲਾਕ ਢਿੱਲਵਾਂ ਵਿੱਖੇ ਸਿਹਤ ਵਿਭਾਗ ਦੀ ਟੀਮ ਵੱਲੋਂ ਬੂਟਾ ਲਗਾ ਕਿ "ਵਿਸ਼ਵ ਵਾਤਾਵਰਨ ਦਿਵਸ"ਮਨਾਇਆ ਗਿਆ। ਇਸ ਮੌਕੇ ਜਾਣਕਾਰੀ ਦਿੰਦਿਆ ਸੀਨੀਅਰ ਮੈਡੀਕਲ ਅਫ਼ਸਰ ਡਾ. ਪ੍ਰੇਮ ਕੁਮਾਰ ਨੇ ਕਿਹਾ ਕਿ ਦੂਸ਼ਿਤ ਹੋ ਰਿਹਾ ਸਾਡਾ ਹਵਾ - ਪਾਣੀ ਅਤੇ ਦਿਨੋ-ਦਿਨ ਵੱਧ ਰਹੀ ਗਰਮੀ ਆਦਿ ਸਬੰਧੀ ਅਸੀਂ ਸੱਭ ਇੱਕ ਦੂਜੇ ਨਾਲ ਗੱਲਾਂ ਤਾਂ ਕਰਦੇ ਹਾਂ, ਪਰ ਇਹ ਕਿਉਂ ਹੋ ਰਿਹਾ ਹੈ ਇਸ ਲਈ ਕੋਈ ਵੀ ਯੋਗ ਉਪਰਾਲੇ ਨਹੀਂ ਕਰਦੇ। ਉਨ੍ਹਾਂ ਦੱਸਇਆ ਕਿ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਵੱਲੋਂ ਹਰ ਸਾਲ 5 ਜੂਨ ਨੂੰ " ਵਿਸ਼ਵ ਵਾਤਾਵਰਣ ਦਿਵਸ " ਮਨਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਪੀਣ ਵਾਲੇ ਪਾਣੀ ਦਾ ਸੰਜਮ ਨਾਲ ਇਸਤੇਮਾਲ ਕਰਨਾ ਚਾਹੀਦਾ ਹੈ, ਆਸ ਪਾਸ ਦੀ ਸਫਾਈ ਰੱਖਣੀ ਚਾਹੀਦੀ ਹੈ, ਵਾਤਾਵਰਨ ਨੂੰ ਦੂਸ਼ਿਤ ਹੋਣ ਤੋਂ ਰੋਕਣ ਲਈ ਹਰ ਉਹ ਉਪਰਾਲਾ ਕਰਨਾ ਚਾਹੀਦਾ ਹੈ ਜੋ ਕੀਤਾ ਜਾ ਸਕੇ। ਜੰਗਲਾਂ ਦੀ ਕਟਾਈ ਅਤੇ ਕੰਕਰੀਟ ਦੀਆਂ ਇਮਾਰਤਾਂ ਦੇ ਕਾਰਨ ਵਾਤਾਵਰਨ ਵਿੱਚ ਵੱਡੇ ਪੱਧਰ ਤੇ ਤਬਦੀਲੀ ਹੋ ਰਹੀ ਹੈ ।ਉਹ ਦਿਨ ਦੂਰ ਨਹੀਂ ਜਦੋਂ ਪੀਣ ਵਾਲੇ ਪਾਣੀ ਦੀ ਘਾਟ ਹੋ ਜਾਵੇਗੀ ।ਉਨ੍ਹਾਂ ਹੋਰ ਜਾਣਕਾਰੀ ਦਿੰਦਿਆਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਵੱਧ ਤੋਂ ਵੱਧ ਦਰਖਤ ਲਾਉਣੇ ਚਾਹੀਦੇ ਹਨ ਤਾਂ ਜੋ ਵਾਤਾਵਰਣ ਨੂੰ ਸ਼ੁੱਧ ਕਰ ਸਿਹਤਮੰਦ ਸਮਾਜ ਦੀ ਸਿਰਜਣਾ ਕੀਤੀ ਜਾ ਸਕੇ। ਅਸੀਂ ਆਪਣੀਆਂ ਗਲਤੀਆਂ ਨਾਲ ਆਪਣੇ ਵਾਤਾਵਰਨ ਦਾ ਭਾਰੀ ਨੁਕਸਾਨ ਕਰ ਦਿੱਤਾ ਹੈ ਅਤੇ ਹੁਣ ਲੋੜ ਹੈ ਕਿ ਅਸੀਂ ਆਪਣੇ ਚੌਗਿਰਦੇ ਨਾਲ ਜੁੜਦੇ ਹੋਏ ਵਾਤਾਵਰਨ ਨੂੰ ਠੀਕ ਕਰਨ ਲਈ ਵੱਧ ਤੋਂ ਵੱਧ ਰੁੱਖ ਲਗਾਈਏ, ਵਾਤਾਵਰਨ ਨੂੰ ਪ੍ਰਦੂਸ਼ਿਤ ਹੋਣ ਤੋਂ ਰੋਕਣ ਦੇ ਉਪਰਾਲੇ ਕਰੀਏ । ਮੋਨਿਕਾ ਬਲਾਕ ਐਕਸਟੈਨਸ਼ਨ ਐਜੂਕੇਟਰ ਨੇ ਆਮ ਲੋਕਾਂ ਨੂੰ ਸੁਨੇਹਾ ਦਿੱਤਾ ਕਿ ਉਹ ਜਨਮਦਿਨ, ਤਿਉਹਾਰਾਂ ਅਤੇ ਖਾਸ ਮੌਕਿਆਂ 'ਤੇ ਬੂਟੇ ਜ਼ਰੂਰ ਲਗਾਉਣ ਤਾਂ ਜੋ ਵਾਤਾਵਰਨ ਵਿੱਚ ਰੁੱਖਾਂ ਦੀ ਗਿਣਤੀ ਵਧ ਸਕੇ ਅਤੇ ਵਾਤਾਵਰਨ ਦੂਸ਼ਿਤ ਹੋਣ ਤੋਂ ਰੋਕਿਆ ਜਾ ਸਕੇ।

# ਸੇਵਾ ਮੁਕਤ ਬਿਜਲੀ ਕਾਮਿਆਂ ਵਲੋਂ ਸਰਕਾਰ ਅਤੇ ਪਾਵਰਕਾਮ/ਟਰਾਸਕੋਂ ਦੀ ਮੈਨੇਜਮੈਂਟ ਵਿਰੁੱਧ ਦੋਰਾਹਾ ਡਵੀਜਨ ਦਫਤਰ ਅੱਗੇ ਦਿਤਾ ਧਰਨਾ

## ਮੁਲਾਂਜਮ ਅਤੇ ਪੈਨਸ਼ਨਰਾਂ ਦੇ ਸਾਂਝੇ ਫਰੰਟ ਵਲੋਂ ਡੀ.ਸੀ. ਦਫਤਰ ਲੁਧਿਆਣਾ ਅੱਗੇ ਮੁਜਾਹਰੇ ਕੀਤੇ ਜਾਣਗੇ

**ਦੋਰਾਹਾ, ਲਾਲ ਸਿੰਘ ਮਾਂਗਟ**

ਕੇਂਦਰ ਅਤੇ ਪੰਜਾਬ ਸਰਕਾਰ ਦੀਆਂ ਵੱਖ ਵੱਖ ਸਰਕਾਰੀ ਅਦਾਰਿਆਂ ਨੂੰ ਕਾਰਪੋਰੇਟ ਘਰਾਣਿਆ ਦੇ ਹਵਾਲੇ ਕਰਨ ਲਈ ਨਿਜੀਕਰਣ ਦੀ ਨੀਤੀ ਨੂੰ ਲਾਗੂ ਕਰਦੇ ਹੋਏ ਬਿਜਲੀ ਮਹਿਕਮੇ ਵਿੱਚ ਵੀ ਨਿਜੀਕਰਣ ਦੀ ਨੀਤੀ ਤਹਿਤ ਸੇਵਾ ਮੁਕਤ ਅਤੇ ਰੈਗੁਲਰ ਕਰਮਚਾਰੀਆ ਨੂੰ ਮਿਲਦੀਆ ਤਨਖਾਹਾ/ਪੈਨਸ਼ਨਾਂ, ਡੀ.ਏ., ਸਕੇਲਾਂ/ਪੈਨਸ਼ਨਾਂ ਦਾ ਬਕਾਇਆ ਆਦਿ ਨੂੰ ਕੱਟ ਲਾਉਣ ਦੀਆਂ ਵਿਉਂਤਾ ਬਣਾਈਆ ਜਾ ਰਹੀਆ ਹਨ। ਪੈਨਸ਼ਨਾ/ਸਕੇਲਾਂ ਦਾ ਮਿਤੀ 1 ਜਨਵਰੀ 2016 ਤੋਂ ਬਣਦਾ ਬਕਾਇਆ ਇੱਕ ਵਾਰੀ ਵਿੱਚ ਨਹੀਂ ਦਿੱਤਾ ਜਾ ਰਿਹਾ। ਇਸੇ ਨੀਤੀ ਤਹਿਤ ਠੇਕਾ ਕਾਮਿਆ ਨੂੰ ਮਹਿਕਮੇਂ ਵਿੱਚ ਬਿਨ੍ਹਾਂ ਸ਼ਰਤ ਪੱਕਿਆ ਨਹੀਂ ਕੀਤਾ ਜਾ ਰਿਹਾ। ਖਾਲੀ ਅਸਾਮੀਆ ਕੰਮ ਭਾਰ ਮੁਤਾਬਕ ਨਹੀਂ ਭਰੀਆ ਜਾ ਰਹੀਆਂ। ਪੱਕੀ ਭਰਤੀ ਕਰਨ ਦੀ ਬਿਜਾਏ ਠੇਕਾ ਪ੍ਰਨਾਲੀ ਲਾਗੂ ਕੀਤੀ ਜਾ ਰਹੀ ਹੈ। ਪੈਨਸ਼ਨਾਂ ਦੇ ਬਣਦੇ ਬਕਾਏ ਦੀਆਂ ਕਿਸ਼ਤਾਂ ਵੀ ਉਮਰ ਦੇ ਲਿਹਾਜ ਨਾਲ ਦੇਣ ਦੇ ਫੈਸਲੇ ਕਰਕੇ ਸੇਵਾ ਮੁਕਤ ਕਾਮਿਆਂ ਵਿੱਚ ਵੀ ਆਪਸ ਵਿੱਚ ਪਾੜ ਪਾਇਆ ਜਾ ਰਿਹਾ ਹੈ। 23 ਸਾਲਾਂ ਤਰੱਕੀ ਇਨਕਰੀਮੈਂਟ ਵੀ ਬਿਨਾਂ ਸ਼ਰਤਾਂ ਲਾਗੂ ਨਹੀਂ ਕੀਤੀ ਜਾ ਰਹੀ। ਕੈਸ਼ ਲੈਸ ਸਕੀਮ ਮੁੜ ਚਾਲੂ ਨਹੀਂ ਕੀਤੀ ਜਾ ਰਹੀ। ਬਿਜਲੀ ਯੂਨਿਟਾਂ ਦੀ ਰਿਆਇਤ ਲਾਗੂ ਨਹੀਂ ਕੀਤੀ ਜਾ ਰਹੀ। ਮੈਡੀਕਲ ਭੱਤੇ ਵਿੱਚ ਵਾਧਾ ਨਹੀਂ ਕੀਤਾ ਜਾ ਰਿਹਾ। ਬੁਢਾਪਾ ਅਲਾਂਉਸ ਬੇਸਿਕ ਪੈਨਸ਼ਨ ਵਿੱਚ ਜੋੜਕੇ ਨਹੀਂ ਲਾਗੂ ਕੀਤਾ ਜਾ ਰਿਹਾ। ਉਪਰੋਕਤ ਮੰਗਾਂ ਮਸਲੇ ਹੱਲ ਕਰਨ ਦੀ ਬਿਜਾਏ ਮਹਿਕਮੇ ਵਿੱਚ ਨਿਜੀਕਰਣ ਦੀ ਨੀਤੀ ਨੂੰ ਲਾਗੂ ਕਰਨ ਲਈ ਤੇਜੀ ਨਾਲ ਕਦਮ ਚੁੱਕੇ ਜਾ ਰਹੇ ਹਨ। ਸਰਕਾਰਾਂ ਅਤੇ ਮੈਨੇਜਮੈਂਟਾਂ ਦੀਆਂ ਇਹਨਾਂ ਨੀਤੀਆ ਨੂੰ ਰੱਦ ਕਰਾਉਣ ਲਈ ਅਤੇ ਆਪਣੇ ਮੰਗਾ ਮਸਲਿਆਂ ਨੂੰ ਹੱਲ ਕਰਾਉਣ ਲਈ ਪੈਨਸ਼ਨਰ ਐਸੋਸੀਏਸ਼ਨ ਦੀ ਸੂਬਾ ਕਮੇਟੀ ਦੇ ਸੱਦੇ ਤੇ ਸਰਕਲ ਵਰਕਿੰਗ ਕਮੇਟੀ ਖੰਨਾਂ ਦੇ ਫੈਸਲੇ ਮੁਤਾਬਕ ਅੱਜ ਡਵੀਜਨ ਦੋਰਾਹਾ ਦੇ ਸੀਨੀਅਰ ਮੀਤ ਪ੍ਰਧਾਨ ਹਰਚਰਨ ਸਿੰਘ 'ਗਰੇਵਾਲ' ਦੀ ਪ੍ਰਧਾਨਗੀ ਹੇਠ ਡਵੀਜਨ ਦਫਤਰ ਦੋਰਾਹਾ ਅੱਗੇ ਵੱਡੀ ਗਿਣਤੀ ਵਿੱਚ ਇਕੱਠੇ ਹੋਕੇ ਸੇਵਾ ਮੁਕਤ ਬਿਜਲੀ ਕਾਮਿਆ ਨੇ ਰੋਹ ਭਰਭੂਰ ਧਰਨਾ ਦਿੱਤਾ। ਡਵੀਜਨ ਦੇ ਸਕੱਤਰ ਤਰਸੇਮ ਲਾਲ ਅਤੇ ਪ੍ਰੈਸ ਸਕੱਤਰ ਕ੍ਰਿਸ਼ਨ ਕੁਮਾਰ 'ਵਿਨਾਇਕ' ਨੇ ਸਾਝੇ ਰੂਪ ਵਿੱਚ ਪੈ ?ਰਸ ਨੂੰ ਜਾਣਕਾਰੀ ਦਿਤੀ ਕਿ ਅੱਜ ਦੇ ਧਰਨੇ ਵਿੱਚ ਡਵੀਜਨ ਦੋਰਾਹਾ ਦੇ ਆਗੂ ਰਾਮ ਕਿਸ਼ਨ, ਰਾਕੇਸ਼ ਕੁਮਾਰ, ਭਗਵੰਤ ਸਿੰਘ, ਜਗਦੇਵ ਸਿੰਘ, ਅਵਤਾਰ ਸਿੰਘ, ਰਾਮ ਸਰੂਪ, ਸਾਂਗਾ ਰਾਮ, ਸਿਕੰਦਰ ਸਿੰਘ, ਨਛੱਤਰ ਸਿੰਘ ਅਤੇ ਸਰਨਲ ਖੰਨਾ ਦੇ ਪ੍ਰਧਾਨ ਹਰਬੰਸ ਸਿੰਘ 'ਦੋਬੁਰਜੀ' ਮੀਤ ਪ੍ਰਧਾਨ ਪਲਵਿੰਦਰ ਸਿੰਘ ਅਤੇ ਮੈਬਰ ਸੁਰਜੀਤ ਸਿੰਘ ਨੇ ਸੰਬੋਧਨ ਕਰਦੇ ਹੋਏ ਸਰਕਾਰਾਂ ਅਤੇ ਮੈਨੇਜਮੈਂਟਾ ਦੀਆ ਕਿਸਾਨ-ਮਜਦੂਰ-ਮੁਲਾਂਜਮ-ਵਿਦਿਆਰਥੀ ਅਤੇ ਬੇ-ਰੁਜਗਾਰ ਨੋਜਵਾਨ ਵਿਰੋਧੀ ਨੀਤੀਆਂ ਬਾਰੇ ਵਿਸਥਾਰ ਨਾਲ ਚਾਨਣਾ ਪਾਉਦੇ ਹੋਏ ਚਿਤਾਵਨੀ ਦਿੱਤੀ ਕਿ ਜੇਕਰ ਮੰਗਾ ਮਸਲਿਆਂ ਨੂੰ ਹੱਲ ਨਾ ਕੀਤਾ ਅਤੇ ਨਿਜੀਕਰਨ ਦੀ ਨੀਤੀ ਰੱਦ ਨਾ ਕੀਤੀ ਤਾ ਅਗਾਮੀ 24 ਜੂਨ 2025 ਨੂੰ ਮੁਲਾਂਜਮ ਅਤੇ ਪੈਨਸ਼ਨਰਾਂ ਦੇ ਸਾਂਝੇ ਫਰੰਟ ਵਲੋਂ ਡੀ.ਸੀ. ਦਫਤਰ ਲੁਧਿਆਣਾ ਅੱਗੇ ਕੀਤੇ ਜਾ ਰਹੇ ਮੁਜਾਹਰੇ ਵਿੱਚ ਵੱਡੀ ਗਿਣਤੀ ਵਿੱਚ ਸਮੂਲੀਅਤ ਕੀਤੀ ਜਾਵੇਗੀ ਅਤੇ ਆਉਣ ਵਾਲੇ ਸਮੇਂ ਵਿੱਚ ਸੰਘਰਸ਼ ਨੂੰ ਹੋਰ ਤੇਜ ਕੀਤਾ ਜਾਵੇਗਾ।



# ਵਧੀਕ ਡਿਪਟੀ ਕਮਿਸ਼ਨਰ ਨੇ ਪਲਾਸਟਿਕ ਦੀ ਵਰਤੋਂ ਨਾ ਕਰਨ ਅਤੇ ਬਦਲਵੇਂ ਉਪਾਵਾਂ ਨੂੰ ਅਪਨਾਉਣ ’ਤੇ ਦਿੱਤਾ ਜ਼ੋਰ

+ ਵਿਸ਼ਵ ਵਾਤਾਵਰਣ ਦਿਵਸ ਮੌਕੇ ਵਾਤਾਵਰਣ ਦੀ ਸੰਭਾਲ ਲਈ ਸਾਂਝੇ ਉਪਰਾਲੇ ਕਰਨ ਦਾ ਸੱਦਾ
+ ਵਿਦਿਆਰਥਣਾਂ ਨੇ ਵਾਤਾਵਰਣ ਨੂੰ ਹਰਿਆ-ਭਰਿਆ ਬਣਾਉਣ ਦਾ ਲਿਆ ਪ੍ਰਣ





**ਜਲੰਧਰ**

ਵਧੀਕ ਡਿਪਟੀ ਕਮਿਸ਼ਨਰ (ਜ) ਅਮਨਿੰਦਰ ਕੌਰ ਨੇ ਅੱਜ ਵਿਸ਼ਵ ਵਾਤਾਵਰਣ ਦਿਵਸ ਮੌਕੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਥਾਨਕ ਹੰਸ ਰਾਜ ਮਹਿਲਾ ਮਹਾਵਿਦਿਆਲਿਆ ਦੇ ਸਹਿਯੋਗ ਨਾਲ ਕਰਵਾਏ ਸਮਾਗਮ ਦੌਰਾਨ ਪਲਾਸਟਿਕ ਦੀ ਵਰਤੋਂ ਨਾ ਕਰਨ ਅਤੇ ਇਸ ਦੇ ਬਦਲਵੇਂ ਉਪਾਵਾਂ ਨੂੰ ਅਪਨਾਉਣ ’ਤੇ ਜ਼ੋਰ ਦਿੱਤਾ।



ਕਾਲਜ ਵਿਖੇ ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਟੈਕਨਾਲੋਜੀ, ਪੰਜਾਬ ਬਾਇਓਡਾਇਵਰਸਿਟੀ ਬੋਰਡ, ਜੰਗਲਾਤ ਵਿਭਾਗ ਅਤੇ ਨੈਸ਼ਨਲ ਐਡੂਟਰੱਸਟ ਆਫ ਇੰਡੀਆ ਦੇ ਸਹਿਯੋਗ ਨਾਲ ਕਰਵਾਏ ਪ੍ਰੋਗਰਾਮ ਦੌਰਾਨ ਵਿਦਿਆਰਥਣਾਂ ਨੂੰ ਸੰਬੋਧਨ ਕਰਦਿਆਂ ਵਧੀਕ ਡਿਪਟੀ ਕਮਿਸ਼ਨਰ ਨੇ ਪਲਾਸਟਿਕ ਦੇ ਥੈਲਿਆਂ ਦੀ ਬਜਾਏ ਕਪੜੇ ਜਾਂ ਜੂਟ ਦੇ ਥੈਲੇ ਵਰਤਣ ਦੀ ਲੋੜ ਉੱਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਵਾਤਾਵਰਣ ਦੀ ਸੰਭਾਲ ਲਈ ਸਾਨੂੰ ਸਾਰਿਆਂ ਨੂੰ ਆਪਣੀ ਰੋਜ਼ਾਨਾਂ ਦੀ ਜ਼ਿੰਦਗੀ ਵਿੱਚ ਪਲਾਸਟਿਕ ਦੇ ਵਿਕਲਪਾਂ ਨੂੰ ਅਪਨਾਉਣਾ ਚਾਹੀਦਾ ਹੈ।

ਉਨ੍ਹਾਂ ਹਾਜ਼ਰੀਨ ਨੂੰ ਆਉਣ ਵਾਲੀ ਪੀੜ੍ਹੀ ਲਈ ਵਾਤਾਵਰਣ ਨੂੰ ਸੰਭਾਲਣ ਅਤੇ ਪ੍ਰਦੂਸ਼ਣ ਮੁਕਤ ਬਣਾਉਣ ਲਈ ਸਾਂਝੇ ਉਪਰਾਲੇ ਕਰਨ ਦਾ ਸੱਦਾ ਦਿੱਤਾ।

ਜ਼ਿਲਾ ਪ੍ਰਸ਼ਾਸਨ ਵੱਲੋਂ ਉਪਲਬਧ ਕਰਵਾਏ ਗਏ ਬੂਟਿਆਂ ਨਾਲ ਰੁੱਖ ਲਗਾਉਣ ਦੀ ਪ੍ਰਤੀਕਾਤਮਕ ਮੁਹਿੰਮ ਚਲਾਈ ਗਈ। ਉਪਰੰਤ ਵਿਦਿਆਰਥਣਾਂ ਸਮੇਤ ਸਾਰਿਆਂ ਨੂੰ ਵਾਤਾਵਰਣ ਨੂੰ ਹਰਿਆ-ਭਰਿਆ ਬਣਾਉਣ ਦਾ ਪ੍ਰਣ ਦਿਵਾਇਆ ਗਿਆ ਅਤੇ ਵਾਤਾਵਰਣ ਦੀ ਸੰਭਾਲ ਲਈ ਪ੍ਰੇਰਿਤ ਕੀਤਾ ਗਿਆ।

ਇਸ ਮੌਕੇ ਜੰਗਲਾਤ ਵਿਭਾਗ ਤੋਂ ਜਰਨੈਲ ਸਿੰਘ ਬਾਠ, ਹਰਗੁਣ, ਸਕੱਤਰ ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਡਾ. ਸੁਰਜੀਤ ਲਾਲ ਅਤੇ ਅਸ਼ੋਕ ਸਾਹੋਤਾ ਵੀ ਮੌਜੂਦ ਸਨ।

ਇਸ ਤੋਂ ਪਹਿਲਾਂ ਪ੍ਰਿੰਸੀਪਲ ਡਾ. ਅਜੈ ਸਰੀਨ ਵੱਲੋਂ ਵਧੀਕ ਡਿਪਟੀ ਕਮਿਸ਼ਨਰ ਅਤੇ ਹੋਰਨਾਂ ਮਹਿਮਾਨਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਇਕੋ ਕਲੱਬ ਇੰਚਾਰਜ ਡਾ. ਅੰਜਨਾ ਭਾਟੀਆ ਨੇ ‘ਪ੍ਰਦੂਸ਼ਣ ਨੂੰ ਹਰਾਓ’ ਵਿਸ਼ੇ ਬਾਰੇ ਵਿਸਥਾਰ ਨਾਲ ਜਾਣੂ ਕਰਵਾਇਆ ਅਤੇ ਮੰਚ ਸੰਚਾਲਨ ਕੀਤਾ।

ਇਸ ਮੌਕੇ ਡੀਨ, ਸਟੂਡੈਂਟ ਕੌਂਸਲ ਡਾ. ਉਰਵਸ਼ੀ ਮਿਸ਼ਰਾ, ਐਨ.ਐੱਸ.ਐੱਸ. ਇੰਚਾਰਜ ਹਰਮਾਨੂ, ਡੀਨ, ਸਟੂਡੈਂਟ ਸਕਾਲਰਜ਼ ਡਾ. ਮੀਨੂ ਤਲਵਾਰ, ਅੰਜੂ ਅਤੇ ਸਿਮਰਨ ਨੇ ਭਰਪੂਰ ਸਹਿਯੋਗ ਦਿੱਤਾ।

## ਜੈਵਿਕ ਖੇਤੀ ਦੀ ਸਰਟੀਫਿਕੇਸ਼ਨ ਲਈ ਆਖਰੀ ਮਿਤੀ 30 ਜੂਨ

**ਜਲੰਧਰ**

ਜ਼ਿਲ੍ਹਾ ਸੁਪਰਵਾਈਜ਼ਰ ਪੰਜਾਬ ਐਗਰੀ ਐਕਸਪੋਰਟ ਕਾਰਪੋਰੇਸ਼ਨ ਲਿਮਟਿਡ ਸਤਵਿੰਦਰ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਆਰਗੈਨਿਕ ਖੇਤੀ ਨੂੰ ਉਤਸ਼ਾਹਿਤ ਕਰਨ ਅਤੇ ਰਾਸ਼ਟਰੀ ਤੇ ਅੰਤਰ ਰਾਸ਼ਟਰੀ ਮੰਡੀਆਂ ਵਿੱਚ ਪੰਜਾਬੀ ਉਤਪਾਦਾਂ ਦੀ ਪਹੁੰਚ ਵਧਾਉਣ ਦੀ ਯੋਜਨਾ ਹੇਠ ਪੰਜਾਬ ਐਗਰੋ ਵੱਲੋਂ ਸਾਉਣੀ 2025 ਲਈ ਜੈਵਿਕ ਖੇਤੀ ਰਜਿਸਟ ?ੇਸ਼ਨ ਦੀ ਸ਼ੁਰੂਆਤ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਜਿਹੜੇ ਕਿਸਾਨ ਜੈਵਿਕ ਖੇਤੀ ਦੀ ਪ੍ਰਮਾਣੀਕਰਨ ਲਈ ਇਛੁੱਕ ਹਨ, ਉਹ 30 ਜੂਨ 2025 ਤੱਕ ਆਪਣੀ ਜੈਵਿਕ ਖੇਤੀ ਦਾ ਪ੍ਰਮਾਣੀਕਰਨ ਮੁਫ਼ਤ ਕਰਵਾ ਸਕਦੇ ਹਨ। ਉਨ੍ਹਾਂ ਅੱਗੇ ਦੱਸਿਆ ਕਿ ਜੈਵਿਕ ਖੇਤੀ ਕਰਦੇ ਕਿਸਾਨਾਂ ਨੂੰ ਸਰਕਾਰ ਵੱਲੋਂ ਮੁਫ਼ਤ ਰਜਿਸਟਰੇਸ਼ਨ, ਪਰਮਾਣੀਕਰਨ, ਬਿਓ ਫਰਟੀਲਾਈਜ਼ਰ ਆਦਿ ਮੁਫ਼ਤ ਦਿੱਤੇ ਜਾਂਦੇ ਹਨ ਅਤੇ ਖੇਤਾਂ ਦਾ ਨਿਰੀਖਣ, ਤਕਨੀਕੀ ਸਹਾਇਤਾ ਵੀ ਮੁਫ਼ਤ ਪ੍ਰਦਾਨ ਕੀਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਰਜਿਸਟਰੇਸ਼ਨ ਕਰਵਾਉਣ ਲਈ ਘੱਟੋ-ਘੱਟ ਅੱਧਾ ਕਿੱਲਾ ਜੈਵਿਕ ਖੇਤੀ ਅਧੀਨ ਹੋਣਾ ਲਾਜ਼ਮੀ ਹੈ। ਉਨ੍ਹਾਂ ਦੱਸਿਆ ਕਿ ਇਸ ਦੀ ਰਜਿਸਟਰੇਸ਼ਨ ਲਈ ਆਧਾਰ ਕਾਰਡ ਦੀ ਕਾਪੀ, ਖਤੌਨੀ ਦੀ ਕਾਪੀ (ਜਮਾਬੰਦੀ) ਤੇ ਬੈਂਕ ਦੀ ਪਾਸਬੁੱਕ ਦੀ ਕਾਪੀ ਲੋੜੀਂਦੇ ਹਨ। ਉਨ੍ਹਾਂ ਦੱਸਿਆ ਕਿ ਕਿਸਾਨ ਨਿਗਮ ਦੇ ਹੈਲਪਲਾਈਨ ਨੰਬਰ 97845-12345 ਜਾਂ ਵੈਬਸਾਈਟ www.punjabagro.gov.in ਜਾਂ ਨਜ਼ਦੀਕੀ ਜ਼ਿਲ੍ਹਾ ਬਲਾਕ ਖੇਤੀਬਾੜੀ ਦਫ਼ਤਰ ਜਾਂ ਪੰਜਾਬ ਐਗਰੀ ਐਕਸਪੋਰਟ ਕਾਰਪੋਰੇਸ਼ਨ ਦੇ ਖੇਤਰੀ ਅਧਿਕਾਰੀਆਂ ਨਾਲ ਸੰਪਰਕ ਕਰਕੇ ਰਜਿਸਟ ?ੇਸ਼ਨ ਕਰਵਾ ਸਕਦੇ ਹਨ।

# ਵਿਸ਼ਵ ਵਾਤਾਵਰਣ ਦਿਵਸ : ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਖਾਲਸਾ ਕਾਲਜ ਤੋਂ ਰਾਮਾ ਮੰਡੀ ਤੱਕ ਲਾਏ ਬੂਟੇ

**ਜ਼ਿਲ੍ਹਾ ਤੇ ਸੈਸ਼ਨਜ਼ ਜੱਜ ਨੇ ਵਾਤਾਵਰਣ ਦੀ ਸੰਭਾਲ ਲਈ ਇਕਜੁੱਟ ਹੋ ਕੇ ਕੰਮ ਕਰਨ ਦਾ ਦਿੱਤਾ ਸੱਦਾ**






**ਜਲੰਧਰ**

ਜ਼ਿਲ੍ਹਾ ਤੇ ਸੈਸ਼ਨਜ਼ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਜਲੰਧਰ ਨਿਰਭਉ ਸਿੰਘ ਗਿੱਲ ਦੀ ਯੋਗ ਰਹਿਨੁਮਾਈ ਹੇਠ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਅੱਜ ਵਿਸ਼ਵ ਵਾਤਾਵਰਣ ਦਿਵਸ ਮੌਕੇ ਖਾਲਸਾ ਕਾਲਜ ਜਲੰਧਰ ਤੋਂ ਰਾਮਾ ਮੰਡੀ ਜਲੰਧਰ ਤੱਕ ਛਾਂਦਾਰ ਅਤੇ ਫਲਾਂ ਵਾਲੇ ਦਰੱਖਤ ਲਗਾਏ ਗਏ। ਜ਼ਿਲ੍ਹਾ ਤੇ ਸੈਸ਼ਨਜ਼ ਜੱਜ ਨੇ ਇਸ ਮੌਕੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਟੀਮ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ । ਇਸ ਮੌਕੇ ਸੀ.ਜੇ.ਐੱਮ.-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਰਾਹੁਲ ਕੁਮਾਰ ਆਜ਼ਾਦ, ਸੀ.ਜੇ.ਐੱਮ. ਸੁਸ਼ੀਲ ਕੁਮਾਰ ਬੋਧ ਅਤੇ ਏ.ਸੀ.ਜੇ.ਐੱਮ. ਹਰਪ੍ਰੀਤ ਕੌਰ ਵੀ ਮੌਜੂਦ ਸਨ। ਪੂਰਾ ਇੱਕ ਮਹੀਨਾ ਚੱਲਣ ਵਾਲੀ ਮੁਹਿੰਮ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਤੇ ਸੈਸ਼ਨਜ਼ ਜੱਜ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਵਾਤਾਵਰਣ ਦੀ ਸੰਭਾਲ ਲਈ ਇਕੱਠੇ ਹੋ ਕੇ ਕੰਮ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਵਾਤਾਵਰਣ ਸਾਡੀ ਜ਼ਿੰਦਗੀ ਦਾ ਅਹਿਮ ਅੰਗ ਹੈ। ਇਹ ਸਾਨੂੰ ਜੀਵਨ ਦਿੰਦਾ ਹੈ, ਸਾਡੇ ਭੋਜਨ ਦਾ ਸਰੋਤ ਹੈ ਅਤੇ ਸਾਡੀ ਸਿਹਤ ਦੀ ਸੰਭਾਲ ਕਰਦਾ ਹੈ। ਸੀ.ਜੇ.ਐੱਮ. ਰਾਹੁਲ ਕੁਮਾਰ ਆਜ਼ਾਦ ਨੇ ਕਿਹਾ ਕਿ ਵਾਤਾਵਰਣ ਨੂੰ ਬਚਾਉਣ ਲਈ ਸਾਨੂੰ ਸਾਰਿਆਂ ਨੂੰ ਸਹਿਯੋਗ ਦੇਣਾ ਚਾਹੀਦਾ ਹੈ। ਸਾਨੂੰ ਸਭ ਨੂੰ ਵਾਤਾਵਰਣ ਦੀ ਸੰਭਾਲ ਲਈ ਕੰਮ ਕਰਨਾ ਚਾਹੀਦਾ ਹੈ, ਜਿਸ ਵਿੱਚ ਰੁੱਖ ਲਗਾਉਣਾ, ਪਾਣੀ ਬਚਾਉਣਾ, ਰੀਸਾਈਕਲ ਕਰਨਾ ਅਤੇ ਵਾਤਾਵਰਣ ਪ੍ਰਦੂਸ਼ਣ ਨੂੰ ਰੋਕਣਾ ਸ਼ਾਮਲ ਹੈ। ਇਸ ਮੌਕੇ ਕੁਲਵਿੰਦਰ ਬਾਘਾ, ਬੋਲੀਨਾ ਦੋਆਬਾ ਵੈੱਲਫੇਅਰ ਸੁਸਾਇਟੀ, ਪ੍ਰਿੰਸੀਪਲ ਖਾਲਸਾ ਕਾਲਜ ਇੰਦਰਜੀਤ, ਪ੍ਰੇਮਜੀਤ ਸਿੰਘ, ਜਗਨ ਨਾਥ ਅਤੇ ਗੋਰਖ ਕੁਮਾਰ ਵੀ ਮੌਜੂਦ ਸਨ।

# ਸੁਲਤਾਨਵਿੰਡ ਰੋਡ ’ਤੇ ਜਗਦੀਸ ਸੇਲ ਕੰਪਨੀ ਵੱਲੋਂ ਮਨੁੱਖਤਾ ਦੀ ਭਲਾਈ ਲਈ ਲਗਾਇਆ ਗਿਆ ਖ਼ੂਨਦਾਨ ਕੈਂਪ

**ਅੰਮ੍ਰਿਤਸਰ/ ਅੰਮ੍ਰਿਤਾ ਭਗਤ**

ਮਨੁੱਖਤਾ ਦੀ ਭਲਾਈ ਲਈ ਸੁਲਤਾਨਵਿੰਡ ਰੋਡ ’ਤੇ ਖ਼ੂਨਦਾਨ ਕੈਂਪ ਲਗਾਇਆ ਗਿਆ। ਜਗਦੀਸ਼ ਸੇਲਜ਼ ਐਂਡ ਕੰਪਨੀ ਵੱਲੋਂ ਲਗਾਏ ਗਏ ਖ਼ੂਨਦਾਨ ਕੈਂਪ ਵਿੱਚ 50 ਤੋਂ ਵੱਧ ਲੋਕਾਂ ਨੇ ਖ਼ੂਨਦਾਨ ਕੀਤਾ। ਇਸ ਮੌਕੇ ਅਨਿਲ ਕੁਮਾਰ, ਅਮਿਤ ਗੁਲਾਟੀ, ਦੀਪਕ, ਪੁਨੀਤ ਆਹੂਜਾ ਨੇ ਆਪਣੀ ਟੀਮ ਨਾਲ ਮਿਲ ਕੇ ਕੈਂਪ ਨੂੰ ਪੂਰਾ ਸਹਿਯੋਗ ਦਿੱਤਾ। ਬਲੱਡ ਬੈਂਕ ਟੀਮ ਨੇ ਜਗਦੀਸ਼ ਸੇਲਜ਼ ਕੰਪਨੀ ਵੱਲੋਂ ਲੋਕ ਭਲਾਈ ਲਈ ਲਗਾਏ ਜਾ ਰਹੇ ਖ਼ੂਨਦਾਨ ਕੈਂਪ ਦੇ ਆਯੋਜਨ ਲਈ ਸ਼ਲਾਘਾ ਕੀਤੀ ਅਤੇ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ



ਪਵਨ ਕੁਮਾਰ ਪੰਮਾ ਨੇ ਕਿਹਾ ਕਿ ਖ਼ੂਨ ਦਾਨ ਕਰਨਾ ਇੱਕ ਬਹੁਤ ਹੀ ਮਹਾਨ ਪੁੰਨ ਹੈ। ਜਿਸ ਨਾਲ ਸਮੇਂ ਸਿਰ ਖ਼ੂਨ ਦੇ ਕੇ ਅਸੀਂ ਕਈ ਲੋੜਵੰਦ ਮਰੀਜ਼ਾਂ ਦੀ ਜਾਨ ਬਚਾ ਸਕਦੇ ਹਾਂ। ਇਸ ਲਈ ਸਾਨੂੰ ਜ਼ਿੰਦਗੀ ਵਿੱਚ ਖ਼ੂਨ ਦਾਨ ਕਰਨ ਲਈ ਕਦੀ ਵੀ ਪਿੱਛੇ ਨਹੀਂ ਹਟਣਾ ਚਾਹੀਦਾ, ਕੁਦਰਤੀ ਤੌਰ ਤੇ ਦਿੱਤੇ ਗਏ ਖ਼ੂਨ ਦੀ ਜਗ ?ਾ ਤੇ ਨਵਾਂ ਖ਼ੂਨ ਦੁਬਾਰਾ ਬਹੁਤ ਹੀ ਛੇਤੀ ਬਣ ਜਾਂਦਾ ਹੈ ਤੇ ਖ਼ੂਨ ਦਾਨ ਕਰਨ ਵਾਲਾ ਵਿਅਕਤੀ ਵੀ ਨਰੋਇਆ ਤੇ ਸਿਹਤਮੰਦ ਰਹਿੰਦਾ ਹੈ।

# ਵਿਸ਼ਵ ਵਾਤਾਵਰਣ ਦਿਵਸ਼ ਸਬੰਧੀ ਸੀ.ਐਚ.ਸੀ ਮਾਨੂੰਪੁਰ ਵਿਖੇ ਜਾਗਰੂਕਤਾ ਕੈਂਪ




**ਖੰਨਾ, ਲਾਲ ਸਿੰਘ ਮਾਂਗਟ**

ਸਿਵਲ ਸਰਜਨ ਲੁਧਿਆਣਾ ਡਾ.ਰਮਨਦੀਪ ਕੌਰ ਦੀਆਂ ਹਦਾਇਤਾ ਅਤੇ ਡਾ.ਜਸਦੇਵ ਸਿੰਘ ਸੀਨੀਅਰ ਮੈਡੀਕਲ ਅਫਸਰ ਦੇ ਦਿਸ਼ਾ-ਨਿਰਦੇਸ਼ਾ ਅਨੁਸਾਰ ਸੀ.ਐਚ.ਸੀ ਮਾਨੂੰਪੁਰ ਵਿਖੇ ਵਿਸ਼ਵ ਵਾਤਾਵਰਣ ਦਿਵਸ ਸਬੰਧੀ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਸਮੇਂ ਰੁੱਖਾ ਦੀ ਸਾਭ-ਸ਼ੰਭਾਲ ਦੇ ਨਾਲ-ਨਾਲ ਹੋਰ ਰੁੱਖ ਲਗਾਉਣ ਦਾ ਸੰਕਲਪ ਵੀ ਲਿਆ ਗਿਆ। ਇਸ ਸਮੇਂ ਗੁਰਦੀਪ ਸਿੰਘ ਬੀ.ਈ.ਈ ਅਤੇ ਸਿਹਤ ਇੰਸਪੈਕਟਰ ਗੁਰਮਿੰਦਰ ਸਿੰਘ ਨੇ ਕਿਹਾ ਕੇ ਤਪਸ ਵੱਧਣ ਦਾ ਇੱਕ ਕਾਰਨ ਰੁੱਖਾ ਦੀ ਕਟਾਈ ਵੀ ਹੈ। ਹਰ ਇਨਸਾਨ ਨੂੰ ਹਰ ਸਾਲ ਘੱਟੋ-ਘੱਟ ਇੱਕ ਰੁੱਖ ਜਰੂਰ ਲਗਾਉਣਾ ਚਾਹੀਦਾ ਹੈ। ਇਸਤੋਂ ਇਲਾਵਾ ਕੁਦਰਤੀ ਸੋਮੇ ਜਿਵੇਂ ਕੇ ਵਾਤਾਵਰਨ, ਪਾਣੀ ਆਦਿ ਦੀ ਲਾਹਪ੍ਰਵਾਹੀ ਅਤੇ ਬੇਕਦਰੀ ਨਾਲ ਵਰਤੋਂ ਕਾਰਨ ਇਨ੍ਹਾਂ ਕੁਦਰਤੀ ਸੋਮਿਆਂ ਦਾ ਉਜਾੜਾ ਹੀ ਨਹੀਂ ਕਰ ਰਹੇਂ ਸਗੋਂ ਇਨ੍ਹਾਂ ਨੂੰ ਪ੍ਰਦੂਸ਼ਿਤ ਕਰਕੇ ਆਪਣੇ ਲਈ ਨਵੀਆਂ ਬਿਮਾਰੀਆਂ ਅਤੇ ਬੇਵਕਤੀ ਮੌਤਾ ਸਹੇੜ ਰਹੇਂ ਹਾਂ। ਵੱਡੇ ਪੱਧਰ ਤੇ ਰੁੱਖਾ ਦੀ ਕਟਾਈ ਅਤੇ ਵਹੀਕਲਾ ਦੀ ਬਹੁਤਾਂਤ ਨੇ ਵਾਤਾਵਰਣ ਨੂੰ ਗੰਧਲਾ ਕਰ ਦਿੱਤਾ ਹੈ। ਇਸ ਲਈ ਜਰੂਰੀ ਹੈ ਨਾ ਸਿਰਫ ਰੁੱਖਾ ਨੂੰ ਬਚਾਇਆ ਜਾਵੇ ਸਗੋਂ ਨਵੇਂ ਰੁੱਖ ਲਗਾ ਕੇ ਉਨ੍ਹਾਂ ਨੂੰ ਪਾਲਿਆ ਜਾਵੇ। ਉਨ੍ਹਾਂ ਨੇ ਕਿਹਾ ਕਿ ਅੱਜ ਦੇ ਸਮੇਂ ਪਲਾਸਟਿਕ ਦੀ ਵਰਤੋਂ ਕਾਫੀ ਵੱਧ ਚੁੱਕੀ ਹੈ । ਜਿਸ ਵਿੱਚੋਂ ਕੁੱਝ ਪ੍ਰਤੀਸ਼ਤ ਹੀ ਰੀਸਾਈਕਲ ਕੀਤਾ ਜਾਂਦਾ ਹੈ। ਬਾਕੀ ਝੀਲਾ,ਨਦੀਆ ਅਤੇ ਸਮੁੰਦਰਾ ਵਿੱਚ ਰਲ ਕੇ ਪਾਣੀ ਦੇ ਸਰੋਤਾ ਨੂੰ ਗੰਧਲਾ ਕਰ ਰਿਹਾ ਹੈ। ਇਸ ਲਈ ਇਸ ਦੀ ਘੱਟ ਵਰਤੋਂ ਕਰਨੀ ਚਾਹੀਦੀ ਹੈ। ਇਸ ਸਮੇਂ ਡਾ. ਅੱਛਰਦੀਪ ਨੰਦਾ, ਰਣਜੀਤ ਕੌਰ, ਮਨਿੰਦਰਜੀਤ ਕੌਰ, ਮੁਨੀਸ਼ ਗੁਲਾਟੀ, ਸਰਬਜੀਤ ਕੌਰ ਅਤੇ ਬਹਾਦਰ ਸਿੰਘ ਆਦਿ ਵੀ ਹਾਜਰ ਸਨ।

# ਪਟਿਆਲਾ ਸ਼ਹਿਰ ਦੀ ਆਉਂਦੇ ਦੋ ਮਹੀਨਿਆਂ ’ਚ ਹੋਵੇਗੀ ਕਾਇਆ ਕਲਪ : ਡਾ. ਬਲਬੀਰ ਸਿੰਘ

▲ ਰੰਗਲਾ ਪੰਜਾਬ ਵਾਰਡ ਕਮੇਟੀਆਂ ਬਣਾ ਕੇ ਵਾਰਡਾਂ ਦਾ ਕੀਤਾ ਜਾਵੇਗਾ ਵਿਕਾਸ : ਡਾ. ਬਲਬੀਰ ਸਿੰਘ ▲ ਹੜ੍ਹਾਂ ਤੋਂ ਬਚਾਅ ਦਾ ਵੀ ਕੀਤਾ ਜਾ ਰਿਹੈ ਸਥਾਈ ਹੱਲ : ਕੈਬਨਿਟ ਮੰਤਰੀ

**ਪਟਿਆਲਾ/ਅਮਨ ਸਿੱਧੂ ਮੱਲੇਵਾਲ**

ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਪਟਿਆਲਾ ਸ਼ਹਿਰ ਦੀ ਆਉਂਦੇ ਦੋ ਮਹੀਨਿਆਂ ’ਚ ਪੂਰੀ ਤਰ੍ਹਾਂ ਕਾਇਆ ਕਲਪ ਕਰਕੇ ਇਸ ਦੀ ਸੁੰਦਰਤਾ ਨੂੰ ਹੋਰ ਨਿਖਾਰਿਆ ਜਾਵੇਗਾ। ਉਨ੍ਹਾਂ ਕਿਹਾ ਕਿ ਪਟਿਆਲਾ ਸ਼ਹਿਰ ਵਾਸੀਆਂ ਨੂੰ ਪੀਣ ਲਈ ਨਹਿਰੀ ਪਾਣੀ, ਸਾਫ਼ ਸੁਥਰੀਆਂ ਸੜਕਾਂ, ਜਗਮਗ ਕਰਦੀਆਂ ਸਟਰੀਟ ਲਾਈਟਾਂ ਸਮੇਤ ਅਤਿ ਆਧੁਨਿਕ ਸਹੂਲਤਾਂ ਪ੍ਰਦਾਨ ਕਰਨ ਲਈ ਪੂਰਾ ਖਾਕਾ ਤਿਆਰ ਹੋ ਚੁੱਕਾ ਹੈ ਤੇ ਕੰਮਾਂ ਦੇ ਟੈਂਡਰ ਕਰ ਦਿੱਤੇ ਗਏ ਹਨ। ਇਹ ਪ੍ਰਗਟਾਵਾਂ ਉਨ੍ਹਾਂ ਨਗਰ ਨਿਗਮ ਦਫ਼ਤਰ ਵਿਖੇ ਵਾਰਡ ਨੰਬਰ 14 ਤੋਂ 29 ਤੱਕ ਦੇ ਕੌਂਸਲਰਾਂ ਨਾਲ ਬੈਠਕ ਕਰਦਿਆਂ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਨਗਰ ਨਿਗਮ ਕਮਿਸ਼ਨਰ ਕੁੰਦਨ ਗੋਗੀਆ, ਕਮਿਸ਼ਨਰ ਪਰਮਵੀਰ ਸਿੰਘ ਤੇ ਸੀਨੀਅਰ ਡਿਪਟੀ ਮੇਅਰ ਹਰਿੰਦਰ ਕੋਹਲੀ ਵੀ ਮੌਜੂਦ ਸਨ।

ਡਾ. ਬਲਬੀਰ ਸਿੰਘ ਨੇ ਮੀਟਿੰਗ ਦੌਰਾਨ ਸ਼ਹਿਰ ਦੇ ਅਹਿਮ ਮਸਲਿਆਂ ’ਤੇ ਵਿਚਾਰ ਚਰਚਾ ਕਰਦਿਆਂ ਕਿਹਾ ਕਿ ਸ਼ਹਿਰ ਨੂੰ ਕੂੜਾ ਮੁਕਤ ਕਰਨ ਲਈ ਨਗਰ ਨਿਗਮ ਵੱਲੋਂ ਵਾਰਡ 17 ਤੇ 55 ਵਿੱਚ ਪਾਇਲਟ ਪ੍ਰੋਜੈਕਟ ਸ਼ੁਰੂ ਕਰ ਦਿੱਤਾ ਗਿਆ ਹੈ, ਜਿਸ ਰਾਹੀਂ ਹੁਣ ਕੂੜਾ ਸਿੱਧਾ ਐਮ.ਆਰ.ਐਫ. ਸੈਂਟਰ ਵਿੱਚ ਜਾਵੇਗਾ। ਉਨ੍ਹਾਂ ਦੱਸਿਆ ਕਿ 30 ਜੂਨ ਤੱਕ ਸ਼ਹਿਰ ਵਿੱਚ ਬਣੇ ਸੈਕੰਡਰੀ ਗਾਰਬੇਜ਼ ਪੁਆਇੰਟ ਖਤਮ ਕਰ ਦਿੱਤੇ ਜਾਣਗੇ, ਜਿਸ ਨਾਲ ਕੂੜੇ ਦੀ ਸਮੱਸਿਆ ਕਾਫ਼ੀ ਹੱਦ ਤੱਕ ਹੱਲ ਹੋ ਜਾਵੇਗੀ। ਉਨ੍ਹਾਂ ਦੱਸਿਆ ਕਿ ਥਾਪਰ ਯੂਨੀਵਰਸਿਟੀ ਦੇ ਸਹਿਯੋਗ ਨਾਲ ਕੂੜੇ ਦੀ ਸਾਇੰਟਿਫਿਕ ਮੈਨੇਜਮੈਂਟ ਕੀਤੀ ਜਾ ਰਹੀ ਹੈ।

ਉਨ੍ਹਾਂ ਕੁੱਤਿਆਂ ਵੱਲੋਂ ਵੱਢੇ ਜਾਣ ਦੇ ਖਾਸ ਤੌਰ ’ਤੇ ਬੱਚਿਆਂ ਦੇ ਹਮਲੇ ਆਦਿ ਦੇ ਮਾਮਲਿਆਂ ਨਾਲ ਨਜਿੱਠਣ ਲਈ ਕੁੱਤਿਆਂ ਦੀ ਸਟਰਲਾਈਜੇਸ਼ਨ ਕਰਨ ਦੇ ਕੰਮ ’ਚ ਤੇਜ਼ੀ ਲਿਆਉਣ ਦੀ ਹਦਾਇਤ ਕੀਤੀ। ਇਸ ’ਤੇ ਨਗਰ ਨਿਗਮ ਕਮਿਸ਼ਨਰ ਪਰਮਵੀਰ ਸਿੰਘ ਨੇ ਦੱਸਿਆ ਕਿ ਕੁੱਤਿਆਂ ਦੀ ਸਟਰਲਾਈਜੇਸ਼ਨ ਦਾ ਕੰਮ ਸ਼ੁਰੂ ਕੀਤਾ ਜਾ ਰਿਹਾ ਹੈ ਅਤੇ ਰੋਜ਼ਾਨਾ 50 ਕੁੱਤਿਆਂ ਦੀ ਸਟਰਲਾਈਜੇਸ਼ਨ ਕੀਤੀ ਜਾਵੇਗੀ। ਇਸ ਲਈ ਪਸ਼ੂਆਂ ਦੇ ਹਸਪਤਾਲ ’ਚ ਕੁੱਤਿਆਂ ਦੀ ਸੰਭਾਲ ਲਈ ਬਣੇ ਕੈਂਨਲ ਦੀ ਗਿਣਤੀ ਵੀ



50 ਤੋਂ ਵਧਾਕੇ 200 ਕੀਤੀ ਜਾ ਰਹੀ ਹੈ।

ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਟਰੈਫ਼ਿਕ ਸਮੱਸਿਆ ਦੇ ਹੱਲ ਲਈ ਸ਼ਹਿਰ ਵਿੱਚ ਸ਼ੁਰੂ ਕੀਤੀ ਜਾਣ ਵਾਲੀ ਈ ਸੇਵਾ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ਼ਹਿਰ ਵਿੱਚ 50 ਇਲੈਕਟ੍ਰਿਕ ਬੱਸਾਂ ਚਲਾਈਆਂ ਜਾਣਗੀਆਂ, ਇਸ ਸਬੰਧੀ ਟੈਂਡਰ ਹੋ ਚੁੱਕਾ ਹੈ ਤੇ ਆਉਂਦੇ ਛੇ ਮਹੀਨਿਆਂ ਤੱਕ ਸ਼ਹਿਰ ਅੰਦਰ ਲੋਕਾਂ ਦੀ ਸਹੂਲਤ ਲਈ ਬੱਸ ਸੇਵਾ ਸ਼ੁਰੂ ਕਰ ਦਿੱਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਸ਼ਹਿਰ ਵਿੱਚ ਸਟਰੀਟ ਲਾਈਟਾਂ ਖਰਾਬ ਹੋਣ ਦੀ ਸਮੱਸਿਆ ਦੇ ਹੱਲ ਲਈ ਨਿਗਮ ਵੱਲੋਂ ਨਵੀਨਤਮ ਤਕਨਾਲੋਜੀ ਦੀ ਵਰਤੋਂ ਕੀਤੀ ਜਾਵੇਗੀ, ਜਿਸ ਤਹਿਤ ਸ਼ਹਿਰ ਦੇ ਕਿਸੇ ਵੀ ਇਲਾਕੇ ਦੀ ਕੋਈ ਵੀ ਲਾਈਟ ਖਰਾਬ ਹੋਣ ਦੀ ਸੂਚਨਾ ਸਾਫਟਵੇਅਰ ਰਾਹੀਂ ਸਬੰਧਤ ਸ਼ਾਖਾ ਦੇ ਸਬੰਧਤ ਅਧਿਕਾਰੀ ਪਾਸ ਪਹੁੰਚ ਜਾਵੇਗੀ। ਇਸ ਨਾਲ ਸਟਰੀਟ ਲਾਈਟਾਂ ਖਰਾਬ ਰਹਿਣ ਦੀ ਸਮੱਸਿਆ ਤੋਂ ਪੂਰੀ ਤਰ੍ਹਾਂ ਨਿਜਾਤ ਮਿਲ ਜਾਵੇਗੀ ਤੇ ਸ਼ਹਿਰ ਰਾਤ ਸਮੇਂ ਜਗਮਗ ਕਰੇਗਾ।

ਡਾ. ਬਲਬੀਰ ਸਿੰਘ ਨੇ ਰਜਿੰਦਰਾ ਝੀਲ ਦੀ ਪੁਨਰ ਸੁਰਜੀਤੀ ਦਾ ਕੰਮ ਦਾ ਜਾਇਜ਼ਾ ਲੈਂਦਿਆਂ ਅਧਿਕਾਰੀਆਂ ਨੂੰ ਇਸ ਦੇ ਕੰਮ ਵਿੱਚ ਤੇਜ਼ੀ ਲਿਆਉਣ ਦੀ ਹਦਾਇਤ ਕੀਤੀ। ਉਨ੍ਹਾਂ ਦੱਸਿਆ ਕਿ ਰਜਿੰਦਰਾ ਝੀਲ ਵਿੱਚ ਜਲਦੀ ਪਾਣੀ ਆਉਣਾ ਸ਼ੁਰੂ ਹੋ ਜਾਵੇਗਾ ਅਤੇ ਇਥੇ ਕਿਸ਼ਤੀਆਂ ਵੀ ਚੱਲਣਗੀਆਂ ਤੇ ਇਸ ਨੂੰ ਪਿਕਨਿਕ ਕੇਂਦਰ ਵਜੋਂ ਵਿਕਸਤ ਕੀਤਾ ਜਾ ਰਿਹਾ ਹੈ।

ਕੈਬਨਿਟ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਪਟਿਆਲਾ ਨੂੰ ਹੜ੍ਹਾਂ ਦੀ ਮਾਰ ਤੋਂ ਬਚਾਉਣ ਲਈ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਪੂਰੀ ਯੋਜਨਾ ਤਿਆਰ ਕਰ ਲਈ ਹੈ ਜਿਸ ਤਹਿਤ ਡੀਅਰ ਪਾਰਕ ਕੋਲ ਲੱਗਦੀ ਡਾਫ ਦਾ ਸਥਾਈ ਹੱਲ ਕਰਦਿਆਂ ਉਸ ਨੂੰ ਚੌੜਾ ਕੀਤਾ ਜਾਵੇਗਾ।

ਇਸ ਤਰ੍ਹਾਂ ਪਾਣੀ ਨੂੰ ਰੀਚਾਰਜ ਕਰਨ ਲਈ ਚੰਡੀਗੜ੍ਹ ਤੋਂ ਪਟਿਆਲਾ ਤੱਕ ਪਟਿਆਲਾ ਦਾ ਰਾਓ ’ਚ ਇਕ ਹਜ਼ਾਰ ਖੂਹ ਬਣਾਏ ਜਾਣਗੇ। ਨਦੀ ਨਾਲ ਲੱਗਦੀ ਜੰਗਲਾਤ ਦੀ 750 ਏਕੜ ਜਮੀਨ ’ਚ ਬੂਟੇ ਲਗਾਏ ਜਾਣਗੇ ਤੇ ਨਦੀ ਦੇ ਪਾਣੀ ਵੱਧਣ ’ਤੇ ਇਹ ਪਾਣੀ ਇਸ ਜਗ ?ਾ ਵਿੱਚ ਛੱਡਿਆ ਜਾਵੇਗਾ। ਇਸ ਨਾਲ ਆਲੇ ਦੁਆਲੇ ਦੇ ਪਿੰਡਾਂ ਦੀ ਫਸਲ ਪਾਣੀ ਦੀ ਮਾਰ ਤੋਂ ਬਚੇਗੀ ਤੇ ਸ਼ਹਿਰ ’ਚ ਵੀ ਹੜ੍ਹ ਨਹੀਂ ਆਉਣਗੇ।

ਡਾ. ਬਲਬੀਰ ਸਿੰਘ ਨੇ ਵਾਰਡ 14 ਤੋਂ 29 ਤੱਕ ਦੇ ਕੌਂਸਲਰਾਂ ਨਾਲ ਮੀਟਿੰਗ ਕਰਦਿਆਂ ਕਿਹਾ ਕਿ ਉਹ ਆਪਣੀ ਵਾਰਡਾਂ ’ਚ ਰੰਗਲਾ ਵਾਰਡ ਕਮੇਟੀਆਂ ਦਾ ਗਠਨ ਕਰਕੇ ਆਪਣੇ ਵਾਰਡਾਂ ਦਾ ਵਿਕਾਸ ਕਰਨ। ਉਨ੍ਹਾਂ ਕਿਹਾ ਕਿ ਜਿਸ ਵਾਰਡ ਵਿੱਚ ਕਿਸੇ ਵੀ ਤਰ੍ਹਾਂ ਦੇ ਵਿਕਾਸ ਕਾਰਜਾਂ ਲਈ ਫੰਡਾਂ ਦੀ ਜ਼ਰੂਰਤ ਹੈ, ਉਹ ਤੁਰੰਤ ਮੁਹੱਈਆ ਕਰਵਾਏ ਜਾਣਗੇ। ਉਨ੍ਹਾਂ ਕੌਂਸਲਰਾਂ ਨੂੰ ਆਪਣੇ ਖੇਤਰ ਦੇ ਆਮ ਆਦਮੀ ਕਲੀਨਿਕ ’ਚ ਆਪਣੀ ਵਾਰਡ ਦੇ 50 ਸਾਲ ਤੋਂ ਉਪਰ ਦੇ ਸਾਰੇ ਵਿਅਕਤੀਆਂ ਦੇ ਬੀ.ਪੀ., ਸ਼ੂਗਰ, ਖ਼ੂਨ ਦੇ ਟੈਸਟ ਕਰਵਾਉਣ ਲਈ ਕਿਹਾ ਤਾਂ ਜੋ ਲੋਕਾਂ ਨੂੰ ਚੰਗੀਆਂ ਸਿਹਤ ਸਹੂਲਤਾਂ ਦਿੱਤੀ ਜਾ ਸਕਣ। ਉਨ੍ਹਾਂ ਹਰੇਕ ਵਾਰਡ ’ਚ ਸੀਵਰੇਜ ਦੀ ਸਫ਼ਾਈ ਲਈ ਸ਼ਡਿਊਲ ਤਿਆਰ ਕਰਨ ਲਈ ਵੀ ਕਿਹਾ ਤਾਂ ਜੋ ਸੀਵਰੇਜ ਬੰਦ ਹੋਣ ਦੀ ਸਮੱਸਿਆ ਤੋਂ ਛੁਟਕਾਰਾ ਪਾਇਆ ਜਾ ਸਕੇ।

ਮੀਟਿੰਗ ਦੌਰਾਨ ਮੇਅਰ ਕੁੰਦਨ ਗੋਗੀਆਂ ਨੇ ਦੱਸਿਆ ਕਿ ਨਗਰ ਨਿਗਮ ਵੱਲੋਂ ਵਾਰਡਾਂ ’ਚ ਕੀਤੇ ਜਾ ਰਹੇ ਕੰਮਾਂ ਦੀ ਉਹ ਖੁਦ ਨਿਗਰਾਨੀ ਕਰ ਰਹੇ ਹਨ ਤੇ ਸ਼ਹਿਰ ਵਾਸੀਆਂ ਦੀ ਹਰੇਕ ਮੁਸ਼ਕਲ ਦੇ ਹੱਲ ਲਈ 24 ਘੰਟੇ ਹਾਜ਼ਰ ਹਨ। ਉਨ੍ਹਾਂ ਕਿਹਾ ਕਿ ਨਗਰ ਨਿਗਮ ਵੱਲੋਂ ਲੋਕਾਂ ਨੂੰ ਅਤਿ ਆਧੁਨਿਕ ਬੁਨਿਆਦੀ ਸਹੂਲਤਾਂ ਦੇਣ ਲਈ 20 ਕਰੋੜ ਰੁਪਏ ਦੇ ਟੈਂਡਰ ਲਗਾਏ ਗਏ ਹਨ, ਜਿਨ੍ਹਾਂ ਦੇ ਕੰਮ ਆਉਂਦੇ ਦਿਨਾਂ ਵਿੱਚ ਸ਼ੁਰੂ ਹੋ ਜਾਣਗੇ। ਇਸ ਮੌਕੇ ਕੌਂਸਲਰ ਜਸਬੀਰ ਗਾਂਧੀ, ਗਿਆਨ ਚੰਦ, ਮੁਕਤਾ ਗੁਪਤਾ, ਰੋਹਿਤ ਸਮੇਤ ਨਗਰ ਨਿਗਮ ਦੀਆਂ ਵੱਖ ਵੱਖ ਸ਼ਾਖਾਵਾਂ ਦੇ ਅਧਿਕਾਰੀ ਮੌਜੂਦ ਸਨ।

# ਸ਼ਹੀਦੀ ਦਿਹਾੜੇ ਦੇ ਸਮਾਗਮਾਂ ਦੀ ਸੰਪੂਰਨਤਾ 6 ਜੂਨ ਨੂੰ ਹੋਵੇਗੀ—ਬਾਬਾ ਮੁਖਤਿਆਰ ਸਿੰਘ

## ਭੋਗ ਉਪਰੰਤ ਦੀਵਾਨ ਸਜਣਗੇ—ਭਾਈ ਜ਼ਸਪਾਲ ਸਿੰਘ

**ਫਿਰੋਜ਼ਪੁਰ/ਮਨੋਹਰ ਲਾਲ**

ਸ਼ਹੀਦਾਂ ਦੇ ਸਿਰਤਾਜ, ਸ਼ਾਂਤੀ ਦੇ ਪੁੰਜ ਅਤੇ ਬਾਣੀ ਦੇ ਬੋਹਿਥ ਧੰਨ—ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਗੁਰਦੁਆਰਾ ਭਾਈ ਹਾਕਮ ਸਿੰਘ ਮਖੂ ਗੇਟ ਵਿਖੇ ਚੱਲ ਰਹੇ ਸਮਾਗਮਾਂ ਦੀ ਸੰਪੂਰਨਤਾ 6 ਜੂਨ ਦਿਨ ਸ਼ੁਕਰਵਾਰ ਨੂੰ ਹੋਵੇਗੀ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਗੁਰਦੁਆਰਾ ਭਾਈ ਹਾਕਮ ਸਿੰਘ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਾਬਾ ਮੁਖਤਿਆਰ ਸਿਘ ਅਤੇ ਸਰਪ੍ਰਸਤ ਭਾਈ ਜ਼ਸਪਾਲ ਸਿੰਘ ਨੇ ਦੱਸਿਆ ਕਿ ਪਿਛਲੀ 22 ਮਈ ਨੂੰ ਗੁਰਦੁਆਰਾ ਸਾਹਿਬ ਦੀ ਇਸਤਰੀ ਸੰਤਸੰਗ ਸਭਾ ਵੱਲੋਂ ਜ਼ੋ ਸ਼ਹੀਦੀ



ਦਿਹਾੜੇ ਨੂੰ ਸਮਰਪਿਤ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠਾਂ ਦੀ ਲੜੀ ਸ਼ੁਰੂ ਕੀਤੀ ਗਈ ਸੀ, ਉਹ ਨਿਰੰਤਰ ਜਾਰੀ ਹੈ ਅਤੇ ਇਸ ਦੀ ਸੰਪੂਰਨਤਾ 6 ਜੂਨ ਦਿਨ ਸ਼ੁਕਰਵਾਰ ਨੂੰ ਸ਼ਾਮ ਤਕਰੀਬਨ ਪੰਜ ਵਜੇ ਹੋਵੇਗੀ। ਆਗੂਆਂ ਨੇ ਇਹ ਵੀ ਦੱਸਿਆ ਕਿ ਲੜੀ ਦੇ ਭੋਗ ਪਾਉਣ ਉਪਰੰਤ ਦੀਵਾਨ ਵੀ ਸਜਣਗੇ, ਜਿਸ ਵਿਚ ਗੁਰੂ ਸਾਹਿਬ ਦੀ ਜੀਵਨੀ ਬਾਰੇ ਕਥਾ ਵਿਚਾਰਾਂ ਹੋਣਗੀਆਂ ਅਤੇ ਕੀਰਤਨ ਵੀ ਹੋਵੇਗਾ। ਉਪਰੰਤ ਗੁਰੂ ਕਾ ਲੰਗਰ ਵੀ ਅਤੁੱਟ ਵਰਤੇਗਾ ਅਤੇ ਠੰਡੇ ਮਿੱਠੇ ਜਲ ਦੀ ਛਬੀਲ ਵੀ ਲਗਾਈ ਜਾਵੇਗੀ। ਇਥੇ ਇਹ ਵੀ ਦਸਣਯੋਗ ਹੈ ਕਿ ਇਹ ਗੁਰਦੁਆਰਾ ਜ਼ੋ ਬਾਬਾ ਦੀਪ ਸਿੰਘ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਇਨ੍ਹਾਂ ਸਮਾਗਮਾਂ ਨੂੰ ਮਨਾਉਣ ਲਈ ਸੰਗਤਾਂ ਵਿਚ ਭਾਰੀ ਸ਼ਰਧਾ ਦਿਖਾਈ ਜਾ ਰਹੀ ਹੈ ਅਤੇ ਭਾਰੀ ਗਿਣਤੀ ਵਿਚ ਸੰਗਤਾਂ ਹਰ ਰੋਜ਼ ਇਸ ਚੱਲ ਰਹੀ ਲੜੀ ਵਿਚ ਹਾਜ਼ਰੀ ਲਗਵਾ ਰਹੀਆਂ ਹਨ। ਇਸ ਸਮੇਂ ਸੁਰਜੀਤ ਸਿੰਘ, ਨਿਰਮਲ ਸਿੰਘ ਦੁਲਚੀ ਕੇ, ਸੁਖਬੀਰ ਸਿੰਘ ਸੰਧੂ, ਕਿੱਕਰ ਸਿੰਘ ਸੰਧੂ, ਪਰਗਟ ਸਿੰਘ, ਅਨੂਪ ਸਿੰਘ, ਸੁਖਦੇਵ ਸਿੰਘ ਭੁੱਲਰ, ਅਜਮੇਰ ਸਿੰਘ, ਗੁਰਚਰਨ ਸਿੰਘ ਬਾਵਾ ਆਦਿ ਆਗੂ ਹਾਜ਼ਰ ਸਨ।

# ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਅੱਜ ਹੋਣਗੇ ਸ਼ਹੀਦੀ ਸਮਾਗਮ

## ਲੱਖਾਂ ਦੀ ਤਦਾਦ ਵਿਚ ਹੁੰਮ—ਹੁੰਮਾ ਕੇ ਪਹੁੰਚਣਗੀਆਂ ਸੰਗਤਾਂ—ਜਥੇਦਾਰ ਭਾਈ ਸੁਖਦੇਵ ਸਿੰਘ ਖਾਲਸਾ ਮੁੱਖ ਬੁਲਾਰਾ ਦਮਦਮੀ ਟਕਸਾਲ

**ਫਿਰੋਜ਼ਪੁਰ/ਮਨੋਹਰ ਲਾਲ**

ਜੂਨ ਨੂੰ ਸ਼ਹੀਦੀ ਸਮਾਗਮ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਸਮੂਹ ਸੰਗਤਾਂ ਹੁੰਮ ਹੁਮਾ ਕੇ ਪਹੁੰਚੋ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਕਰਦਿਆਂ ਜਥੇਦਾਰ ਭਾਈ ਸੁਖਦੇਵ ਸਿੰਘ ਖਾਲਸਾ ਮੁੱਖ ਬੁਲਾਰਾ ਦਮਦਮੀ ਟਕਸਾਲ ਨੇ ਕਿਹਾ ਕਿ 6 ਜੂਨ ਨੂੰ ਸ਼ਹੀਦੀ ਸਮਾਗਮ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਸਮੂਹ ਸੰਗਤਾਂ ਹੁੰਮ ਹੁਮਾ ਕੇ ਪਹੁੰਚੋ। ਇਸ ਸ਼ਹੀਦੀ ਸਮਾਗਮ ਵਿਚ



ਮਹਾਂਪੁਰਖ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂ ਵਾਲੇ ਮੁਖੀ ਦਮਦਮੀ ਟਕਸਾਲ ਦੀ ਸੁਚੱਜੀ ਅਗਵਾਈ ਵਿਚ 41ਵਾਂ ਸਮਾਗਮ ਕਰਵਾਇਆ ਜਾ ਰਿਹਾ ਹੈ, ਜਿਸ ਵਿਚ ਦੇਸ਼—ਵਿਦੇਸ਼ ਦੀਆਂ ਸੰਗਤਾਂ ਹੁੰਮ—ਹੁਮਾ ਕੇ ਪਹੁੰਚ ਰਹੀਆਂ ਹਨ। ਭਾਈ ਸਾਹਿਬ ਨੇ ਸਮੂਹ ਸੰਗਤਾਂ ਨੂੰ ਅਪੀਲ ਕੀਤੀ ਕਿ ਸਮੂਹ ਸੰਗਤਾਂ ਇਸ ਸ਼ਹੀਦੀ ਸਮਾਗਮ ਵਿਚ ਹੁੰਮ—ਹੁਮਾ ਕੇ ਪਹੁੰਚੋ।

# ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਵਿਸ਼ਵ ਵਾਤਾਵਰਨ ਦਿਵਸ ਮੌਕੇ ਰੇਲਵੇ ਸਟੇਸ਼ਨ ’ਤੇ ਕਰਵਾਇਆ ਨੁੱਕੜ ਨਾਟਕ

## ਲੋਕਾਂ ਨੂੰ ਇਕ ਵਾਰ ਵਰਤੋਂ ਵਿੱਚ ਆਉਣ ਵਾਲੇ ਪਲਾਸਟਿਕ ਦੇ ਹਾਨੀਕਾਰਕ ਪ੍ਰਭਾਵਾਂ ਤੋਂ ਕਰਵਾਇਆ ਜਾਣੂ







**ਜਲੰਧਰ**

ਵਿਸ਼ਵ ਵਾਤਾਵਰਣ ਦਿਵਸ ਮੌਕੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਖੇਤਰੀ ਦਫ਼ਤਰ-1 ਜਲੰਧਰ ਵੱਲੋਂ ਭਾਰਤੀ ਰੇਲਵੇ ਦੇ ਸਹਿਯੋਗ ਨਾਲ ਸ਼ਹਿਰ ਦੇ ਰੇਲਵੇ ਸਟੇਸ਼ਨ ’ਤੇ ਨੁੱਕੜ ਨਾਟਕ ਕਰਵਾਇਆ ਗਿਆ। ਇਹ ਜਾਗਰੂਕਤਾ ਮੁਹਿਮ ਲੋਕਾਂ ਨੂੰ ਇਕ ਵਾਰ ਵਰਤੋਂ ਵਿੱਚ ਆਉਣ ਵਾਲੇ ਪਲਾਸਟਿਕ ਦੇ ਹਾਨੀਕਾਰਕ ਪ੍ਰਭਾਵਾਂ ਤੋਂ ਜਾਣੂ ਕਰਵਾਉਣ ਅਤੇ ਹੋਰਨਾਂ ਬਦਲਵੇਂ ਉਪਾਵਾਂ ਨੂੰ ਉਤਸ਼ਾਹਿਤ ਕਰਨ ਦੇ ਮੰਤਵ ਨਾਲ ਚਲਾਈ ਗਈ।

ਇਹ ਨੁੱਕੜ ਨਾਟਕ ਐਸ.ਡੀ. ਕਾਲਜ ਫਾਰ ਵੂਮੈਨ ਦੇ ਐਨ.ਸੀ.ਸੀ. ਕੈਡਿਟਾਂ ਵੱਲੋਂ ਖੇਡਿਆ ਗਿਆ। ਇਸ ਪੇਸ਼ਕਾਰੀ ਰਾਹੀਂ ਵਾਤਾਵਰਣ ਦੀ ਸੰਭਾਲ, ਪਲਾਸਟਿਕ ਪ੍ਰਦੂਸ਼ਣ ਦੇ ਖ਼ਤਰਿਆਂ, ਜਨਤਕ ਸਿਹਤ ਅਤੇ ਬੁਨਿਆਦੀ ਢਾਂਚੇ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ ਗਿਆ। ਨਾਟਕ ਦੌਰਾਨ ਰੋਜ਼ਾਨਾ ਜ਼ਿੰਦਗੀ ਵਿੱਚ ਪੂਰਨ ਤੌਰ ’ਤੇ ਸਿੰਗਲ ਯੂਜ਼ ਪਲਾਸਟਿਕ ਦੀ ਵਰਤੋਂ ਨਾ ਕਰਨ ਅਤੇ ਵਾਤਾਵਰਣ ਪੱਖੀ ਉਪਾਵਾਂ ਨੂੰ ਅਪਣਾਉਣ ਜਿਵੇਂ ਕਪੜੇ ਦੇ ਥੈਲਿਆਂ, ਗਲਣਯੋਗ ਲਿਫ਼ਾਫਿਆਂ ਅਤੇ ਮੁੜ ਵਰਤੋਂ ਯੋਗ ਕੰਟੇਨਰਾਂ ਦੀ ਵਰਤੋਂ ਕਰਨ ’ਤੇ ਜ਼ੋਰ ਦਿੱਤਾ ਗਿਆ। ਇਸ ਤੋਂ ਇਲਾਵਾ ਨਾਗਰਿਕਾਂ ਨੂੰ ਆਪਣੀ ਜੀਵਨ ਸ਼ੈਲੀ ਵਿੱਚ ਤਬਦੀਲੀ ਲਿਆਕੇ ਵਾਤਾਵਰਣ ਸੁਰੱਖਿਆ ਵਿੱਚ ਸਰਗਰਮ ਭੂਮਿਕਾ ਨਿਭਾਉਣ ਅਤੇ ਹੇਠਲੇ ਪੱਧਰ ’ਤੇ ਪਲਾਸਟਿਕ ਦੀ ਵਰਤੋਂ ਨੂੰ ਰੋਕਣ ਲਈ ਸਾਂਝੇ ਉਪਰਾਲਿਆਂ ਨੂੰ ਉਤਸ਼ਾਹਿਤ ਕਰਨ ਦਾ ਸੱਦਾ ਦਿੱਤਾ ਗਿਆ।

ਨੁੱਕਟ ਨਾਟਕ ਨੇ ਸਟੇਸ਼ਨ ’ਤੇ ਵੱਡੀ ਗਿਣਤੀ ਯਾਤਰੀਆਂ ਦਾ ਧਿਆਨ ਆਪਣੇ ਵੱਲ ਆਕਰਸ਼ਿਤ ਕੀਤਾ, ਜਿਨ੍ਹਾਂ ਨੇ ਇਸ ਪਹਿਲਕਦਮੀ ਦੀ ਸ਼ਲਾਘਾ ਕੀਤੀ।

ਇਸ ਮੌਕੇ ਨੁੱਕੜ ਨਾਟਕ ਤੋਂ ਇਲਾਵਾ ਵਿਦਿਆਰਥੀਆਂ ਵੱਲੋਂ ਰੇਲਵੇ ਸਟੇਸ਼ਨ ਦੇ ਆਲੇ-ਦੁਆਲੇ ਇਕ ਜਾਗਰੂਕਤਾ ਰੈਲੀ ਵੀ ਕੱਢੀ ਗਈ, ਜਿਸ ਦੌਰਾਨ ਵਿਦਿਆਰਥੀਆਂ ਨੇ ਹੱਥਾਂ ਵਿੱਚ ਰੰਗਦਾਰ ਤਖ਼ਤੀਆਂ ਅਤੇ ਬੈਨਰ ਫੜ੍ਹ ਕੇ ਲੋਕਾਂ ਨੂੰ ਪਲਾਸਟਿਕ ਦੀ ਵਰਤੋਂ ਕਰਨ ਤੋਂ ਰੋਕਣ ਅਤੇ ਵਾਤਾਵਰਣ ਪੱਖੀ ਉਪਾਵਾਂ ਨੂੰ ਅਪਣਾਉਣ ਪ੍ਰਤੀ ਪ੍ਰੇਰਿਤ ਕੀਤਾ।

ਵਾਤਾਵਰਣ ਇੰਜੀਨੀਅਰ ਸੰਦੀਪ ਕੁਮਾਰ ਦੀ ਅਗਵਾਈ ਵਿੱਚ ਇਹ ਜਾਗਰੂਕਤਾ ਪ੍ਰੋਗਰਾਮ ਇੰਜ.ਮਨਪ੍ਰੀਤ ਸਿੰਘ ਜੌੜਾ ਅਤੇ ਇੰਜ. ਮਨਰਾਜ ਸਿੰਘ ਰੰਧਾਵਾਂ (ਏ.ਈ.ਈ.) ਖੇਤਰੀ ਦਫ਼ਤਰ-1, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਜਲੰਧਰ ਵੱਲੋਂ ਕਰਵਾਇਆ ਗਿਆ। ਦੋਵਾਂ ਅਧਿਕਾਰੀਆਂ ਨੇ ਵਿਅਕਤੀਗਤ ਤੌਰ ’ਤੇ ਯਾਤਰੀਆਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਨੂੰ ਪਲਾਸਟਿਕ ਪ੍ਰਦੂਸ਼ਣ ਨਾਲ ਨਜਿੱਠਣ ਦੀ ਫੌਰੀ ਲੋੜ ’ਤੇ ਜ਼ੋਰ ਦਿੱਤਾ।

# ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਵੱਲੋਂ ਵਿਸ਼ਵ ਵਾਤਾਵਰਨ ਦਿਵਸ ਆਯੋਜਿਤ

**ਜ਼ੀਰਾ / ਅੰਗਰੇਜ਼ ਬਰਾੜ**

ਅੱਜ ਵਿਸ਼ਵ ਵਾਤਾਵਰਨ ਦਿਵਸ ਦੇ ਮੌਕੇ ਤੇ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਵੱਲੋਂ ਨਿਗਰਾਨ ਇੰਜੀਨਿਅਰ ਰਵਦੀਸ਼ ਪਾਲ ਸਿੰਘ ਅਤੇ ਕਾਰਜਕਾਰੀ ਇੰਜੀਨਿਅਰ ਲਵਦੀਪ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਵਿਸ਼ਵ ਵਾਤਾਵਰਣ ਦਿਵਸ ਮਨਾਇਆ ਗਿਆ। ਇਸ ਮੌਕੇ ਤੇ ਜਲ ਸਪਲਾਈ ਤੇ ਸੈਨੀਟੇਸਨ ਵਿਭਾਗ ਦੇ ਦਫਤਰ, ਬਲਾਕ ਵਿਕਾਸ ਤੇ ਪੰਚਾਇਤ ਅਫਸਰ ਫਿਰੋਜ਼ਪੁਰ ਦੇ ਦਫਤਰਾਂ ਵਿਚ ਵੱਖ ਵੱਖ ਥਾਵਾਂ ਤੇ ਪੌਦੇ ਲਗਾਏ ਅਤੇ ਪੰਚਾਇਤਾਂ ਦੀ ਚੱਲ ਰਹੀ ਟ ?ਰੇਨਿੰਗ ਵਿਚ ਪੰਚਾਂ ਸਰਪੰਚਾਂ ਨੂੰ ਪਿੰਡਾਂ ਵਿਚ ਗੁਰਦੁਆਰਾ ਸਾਹਿਬ, ਸਕੂਲਾਂ,ਪਾਰਕ ਆਦਿ ਜਗ ?ਹਾ ਤੇ ਵੱਧ ਤੋਂ ਵੱਧ ਪੌਦੇ ਲਗਾਉਣ, ਉਹਨਾਂ ਦੀ ਸੰਭਾਲ ਰੱਖਣ ਲਈ ਪ੍ਰੇਰਿਤ ਕੀਤਾ ਤਾਂ ਕਿ ਵਾਤਾਵਰਨ ਨੂੰ ਸ਼ੁੱਧ ਰੱਖਿਆ ਜਾ ਸਕੇ। ਇਸ ਮੌਕੇ ਤੇ ਜਲ ਸਪਲਾਈ ਤੇ ਸੈਨੀਟੇਸਨ ਵਿਭਾਗ ਸਬ ਡਵੀਜ਼ਨ ਜ਼ੀਰਾ 1,2 ਫਿਰੋਜ਼ਪੁਰ ਅਤੇ ਜ਼ੀਰਾ ਵਿਖੇ ਵਿਸ਼ਵ ਵਾਤਾਵਰਣ ਦਿਵਸ 2025 ਤੋਂ ਇੱਕ ਰਾਜ ਵਿਆਪੀ ਜਨ ਲਾਮਬੰਦੀ ਮੁਹਿੰਮ ਤਹਿਤ ਵਾਤਾਵਰਣ ਸੁਰੱਖਿਆ ਅਤੇ ਸਥਿਰਤਾ ਪ੍ਰਤੀ ਅਟੁੱਟ ਵਚਨਬੱਧਤਾ ਨੂੰ ਉਜਾਗਰ ਕੀਤਾ!

ਇਸ ਸਮੇਂ ਦੌਰਾਨ ਜਲ ਵਿਭਾਗ ਦੇ ਐਸ ਡੀ ਓ ਰਾਮੇਸ਼ ਕੁਮਾਰ ਜ਼ੀਰਾ-1, ਐਸ ਡੀ ਓ ਸ਼ਿਵਇੰਦਰ ਸਿੰਘ, ਜੇ ਈ ਵਿਸ਼ਵਜੀਤ ਸਿੰਘ ,ਬੀ ਆਰ ਸੀ ਕਿਰਨਦੀਪ ਕੌਰ ਦੌਲਤਪੁਰਾ, ਪਿੰਡ ਆਵਾਨ ਦੇ ਸਰਪੰਚ ਗੁਰਦਰਸ਼ਨ ਕੌਰ ਲਮਹੇ, ਦਲਜੀਤ ਸਿੰਘ ਲਮਹੇ ਅਤੇ ਪਿੰਡ ਵਾਸੀ ਹਾਜ਼ਰ ਸਨ!




# 8 ਜੂਨ ਤੋਂ ਸ਼ੁਰੂ ਹੋਵੇਗਾ ਅਧਿਆਤਮਿਕ ਯੁਵਾ ਸ਼ਕਤੀ ਵਿਕਾਸ ਕੈਂਪ: ਸਾਗਰ ਮੁਨੀ ਸ਼ਾਸਤਰੀ



**ਅੰਮ੍ਰਿਤਸਰ**

ਅਧਿਆਤਮਿਕਤਾ ਮਨੁੱਖੀ ਜੀਵਨ ਨੂੰ ਊਰਜਾ ਪ੍ਰਦਾਨ ਕਰਦੀ ਹੈ ਅਤੇ ਅੱਜ ਦੇ ਨੌਜਵਾਨਾਂ ਨੂੰ ਧਰਮ ਨਾਲ ਜੁੜਨ ਦੀ ਲੋੜ ਹੈ। ਚੌਂਕ ਪਾਸੀਆ ਵਿਖੇ ਸਥਿਤ ਅਧਿਆਤਮਿਕ ਕੇਂਦਰ ਪ੍ਰਾਚੀਨ ਮੰਦਰ ਸ਼੍ਰੀ ਜੈ ਕ੍ਰਿਸ਼ਨਿਆ ਵਿਖੇ ਅਧਿਆਤਮਿਕ ਯੁਵਾ ਸ਼ਕਤੀ ਵਿਕਾਸ ਕੈਂਪ ਦਾ ਆਯੋਜਨ ਕੀਤਾ ਗਿਆ ਹੈ। ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ, ਮੰਦਰ ਦੇ ਮੁੱਖੀ, ਸੰਤ ਦਰਸ਼ਨਚਾਰੀਆ ਸਾਗਰ ਮੁਨੀ ਸ਼ਾਸਤਰੀ ਜੀ ਨੇ ਕਿਹਾ ਕਿ ਇਹ ਕੈਂਪ 8 ਜੂਨ ਤੋਂ 15 ਜੂਨ ਤੱਕ ਆਯੋਜਿਤ ਕੀਤਾ ਜਾਵੇਗਾ। ਜਿਸ ਵਿੱਚ ਪ੍ਰਾਣਾਯਾਮ, ਯੋਗਾਸਨ, ਸ਼੍ਰੀਮਦ ਭਗਵਦ ਗੀਤਾ ਦਾ ਅਧਿਐਨ, ਬ੍ਰਹਮਵਿਦਿਆ ਸ਼ਾਸਤਰ ਕਰਵਾਏ ਜਾਣਗੇ। ਇਸ ਕੈਂਪ ਵਿੱਚ ਨੌਜਵਾਨਾਂ ਨੂੰ ਸਨਾਤਨ ਸੱਭਿਆਚਾਰ ਅਤੇ ਪਰੰਪਰਾਵਾਂ ਦੇ ਨਾਲ-ਨਾਲ ਪੂਜਾ ਵਿਧੀ ਦਾ ਗਿਆਨ ਦਿੱਤਾ ਜਾਵੇਗਾ। ਦੇਸ਼-ਵਿਦੇਸ਼ ਤੋਂ ਭਵਿੱਖ ਦੇ ਨੌਜਵਾਨ ਇਸ ਕੈਂਪ ਵਿੱਚ ਔਨਲਾਈਨ ਅਤੇ ਆਫਲਾਈਨ ਮਾਧਿਅਮ ਰਾਹੀਂ ਹਿੱਸਾ ਲੈ ਰਹੇ ਹਨ। ਕੈਂਪ ਵਿੱਚ ਨੌਜਵਾਨਾਂ ਦੀ ਹਰ ਸਹੂਲਤ ਦਾ ਧਿਆਨ ਰੱਖਿਆ ਗਿਆ ਹੈ। ਸ਼ਾਸਤਰੀ ਜੀ ਨੇ ਕਿਹਾ ਕਿ ਕੈਂਪ ਰਾਹੀਂ ਬੱਚਿਆਂ ਨੂੰ ਧਰਮ ਨਾਲ ਜੋੜਿਆ ਜਾ ਸਕਦਾ ਹੈ। ਇਸ ਵਿੱਚ ਭੋਜਨ ਦਾਨ ਅਤੇ ਕੱਪੜੇ ਦਾਨ ਦੀਆਂ ਗਤੀਵਿਧੀਆਂ ਵੀ ਸ਼ਾਮਲ ਕੀਤੀਆਂ ਗਈਆਂ ਹਨ। ਅੱਜ ਦੀ ਰੁਝੇਵਿਆਂ ਭਰੀ ਜ਼ਿੰਦਗੀ ਵਿੱਚ, ਮਨੁੱਖਾਂ ਦੀ ਮਾਨਸਿਕ ਅਤੇ ਸਰੀਰਕ ਸਿਹਤ ਲਈ ਅਜਿਹੇ ਕੈਂਪ ਲਗਾਏ ਜਾਣੇ ਚਾਹੀਦੇ ਹਨ। ਇਸ ਪ੍ਰੋਗਰਾਮ ਵਿੱਚ, ਮੰਦਰ ਦੀ ਮੁੱਖ ਸੇਵਾਦਾਰ ਸ਼੍ਰੀਮਤੀ ਅੰਜਨਾ ਲੂਥਰਾ, ਸ਼ੁਭ ਸਰੀਨ, ਪੂਜਾ ਸ਼ਿੰਗਾਰੀ, ਗੌਤਮ ਸਰੀਨ, ਅਮਿਤ ਸ਼ਿੰਗਾਰੀ ਅਤੇ ਹੋਰ ਸ਼ਰਧਾਲੂ ਮੌਜੂਦ ਸਨ।

# 6 ਜੂਨ ਦੇ ਸ਼ਹੀਦੀ ਸਮਾਗਮਾਂ ਵਿੱਚ ਸ਼ਾਮਿਲ ਹੋਣ ਲਈ ਭਾਈ ਵੀਰਪਾਲ ਸਿੰਘ ਅਤੇ ਭਾਈ ਰਸ਼ਪਾਲ ਸਿੰਘ ਵੱਲੋਂ ਇਕੱਤਰਤਾ ਕੀਤੀ ਗਈ

**ਫਿਰੋਜ਼ਪੁਰ/ਮਨੋਹਰ ਲਾਲ**

ਦਮਦਮੀ ਟਕਸਾਲ ਦੇ ਹੈਡ ਕੁਆਰਟਰ ਮਹਿਤਾ ਵਿਖੇ 6 ਜੂਨ ਨੂੰ ਜੋ ਸ਼ਹੀਦੀ ਤੀਸਰੇ ਘੱਲੂਘਾਰੇ ਦੇ ਸਮੂਹ ਸ਼ਹੀਦਾਂ ਦੀ ਯਾਦ ਅੰਦਰ ਸ਼ ?ਰੀਮਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ ਮੁਖੀ ਦਮਦਮੀ ਟਕਸਾਲ ਪ੍ਰਧਾਨ ਸੰਤ ਸਮਾਜ ਜੀ ਦੀ ਰਹਿਨੁਮਾਈ ਹੇਠ ਹਰ ਸਾਲ ਕਰਵਾਇਆ ਜਾ ਜਾਂਦਾ ਹੈ। ਉਸ ਵਿੱਚ ਫਿਰੋਜ਼ਪੁਰ ਜ਼ਿਲ੍ਹੇ ਤੋਂ ਪਿੰਡ ਝੋਕ ਮੋਹੜੇ ਬੁਰਜ ਮੱਖਣ ਸਿੰਘ ਵਾਲਾ ਅਤੇ ਨਾਲ ਲੱਗਦੇ ਪਿੰਡਾਂ ਤੋਂ ਵੱਡੀ ਗਿਣਤੀ ਸੰਗਤਾਂ ਨੂੰ ਲੈ ਕੇ ਜਾਣ ਲਈ ਇੱਕ ਇਕੱਤਰਤਾ ਕੀਤੀ ਗਈ। ਇਸ ਮੌਕੇ ਭਾਈ ਵੀਰਪਾਲ ਸਿੰਘ ਅਤੇ ਭਾਈ ਰਸ਼ਪਾਲ ਸਿੰਘ ਨੇ ਸੰਗਤਾਂ ਨੂੰ ਜਾਣਕਾਰੀ ਦਿੱਤੀ ਕਿ 6 ਜੂਨ ਨੂੰ ਸਵੇਰੇ 5 ਵਜੇ ਸੰਗਤਾਂ ਨੂੰ ਲੈ ਕਿ ਜਾਣ ਵਾਸਤੇ ਫਰੀ ਬੱਸਾਂ ਜਾਣਗੀਆਂ ਅਤੇ ਇਸ ਮੌਕੇ ਵੱਖ—ਵੱਖ ਪਿੰਡਾਂ ਵਿੱਚ ਜਾ ਕੇ ਭਾਈ ਵੀਰਪਾਲ ਸਿੰਘ ਅਤੇ ਭਾਈ ਰਸ਼ਪਾਲ ਸਿੰਘ ਨੇ ਸੰਗਤਾਂ ਨੂੰ ਬੇਨਤੀ ਕੀਤੀ ਅਤੇ ਕਿਹਾ ਵੱਧ ਤੋਂ



ਵੱਧ ਸੰਗਤ ਸ਼ਹੀਦੀ ਸਮਾਗਮਾਂ ਵਿੱਚ ਪਹੁੰਚ ਕੇ ਆਪਣੀ ਹਾਜ਼ਰੀ ਲਗਾਵੇ। ਇਸ ਇਕੱਤਰਤਾ ਵਿੱਚ ਭਾਈ ਰਸ਼ਪਾਲ ਸਿੰਘ ਦਮਦਮੀ ਟਕਸਾਲ ਝੋਕ ਮੋਹੜੇ, ਭਾਈ ਵੀਰਪਾਲ ਸਿੰਘ ਦਮਦਮੀ ਟਕਸਾਲ ਮਹਿਤਾ ਭਾਈ, ਗੁਰਵਿੰਦਰ ਸਿੰਘ, ਭਾਈ ਲਵਪ੍ਰੀਤ ਸਿੰਘ ਦਮਦਮੀ ਟਕਸਾਲ, ਭਾਈ ਇੰਦਰਜੀਤ ਸਿੰਘ, ਭਾਈ ਗੁਰਵਿੰਦਰ ਸਿੰਘ, ਭਾਈ ਮਨਜੀਤ ਸਿੰਘ ਅਤੇ ਇਲਾਕੇ ਦੇ ਹੋਰ ਮੋਹਤਬਰ ਸੱਜਣਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਭਾਈ ਵੀਰਪਾਲ ਸਿੰਘ ਨੇ ਦੱਸਿਆ ਕਿ ਸੰਗਤਾਂ ਵਿੱਚ ਕਾਫੀ ਭਾਰੀ ਉਤਸ਼ਾਹ ਹੈ। ਉਨ੍ਹਾਂ ਸਮੂਹ ਸੰਗਤ ਨੂੰ ਬੇਨਤੀ ਕੀਤੀ ਕਿ 6 ਜੂਨ ਦੇ ਸ਼ਹੀਦੀ ਸਮਾਗਮਾਂ ਵਿਚ ਸੰਗਤਾਂ ਨੂੰ ਮਹਿਤਾ ਸਾਹਿਬ ਵਿਖੇ ਲਿਜਾਣ ਵਾਸਤੇ ਬੱਸਾਂ ਗੱਡੀਆਂ ਦਾ ਪੂਰਾ ਇੰਤਜ਼ਾਮ ਕੀਤਾ ਗਿਆ ਹੈ

# ਖਾਲਸਾ ਰਾਜ ਹੀ ਹਿੰਦੂਸਤਾਨ ਵਿਚ ਬੇਦੋਸ਼ ਲੋਕਾਂ ਦਾ ਡੁਲਦਾ ਖੂਨ ਰੋਕ ਸਕਦਾ ਹੈ—ਬੰਡਾਲਾ

**ਫਿਰੋਜ਼ਪੁਰ/ਮਨੋਹਰ ਲਾਲ**



ਦਮਦਮੀ ਟਕਸਾਲ ਦੇ ਬਜੁਰਗ ਬੁਲਾਰੇ ਗੁਰਨਾਮ ਸਿੰਘ ਬੰਡਾਲਾ ਨੇ ਹਿੰਦੂਸਤਾਨ ਸਰਕਾਰ ਦੀਆਂ ਜਾਲਮ ਨੀਤੀਆਂ ਨੂੰ ਜਗ ਜਾਹਰ ਕਰਦਿਆ ਕਿਹਾ ਕਿ ਸੰਭਲ ਜਾਵੋ ਹਿੰਦ ਦੇ ਲੀਡਰੋ ਨਾ ਡੋਲੋ ਸਰਕਾਰੀ ਗੋਲੀਆਂ ਨਾਲ ਬੇਦੋਸ਼ਾ ਲੋਕਾਂ ਦਾ ਖੂਨ ਜੁਲਮ ਦੀ ਉਮਰ ਥੋੜੀ ਹੁੰਦੀ ਹੈ ਹੱਕ ਸੱਚ ਤੇ ਰਾਜ ਕਾਇਮ ਰਹਿੰਦੇ ਨੇ ਜੁਲਮ ਧਕੇਸ਼ਾਹੀ ਨਾਲ ਗੋਲੀਆਂ ਚੱਲ ਸਕਦੀਆਂ ਹਨ, ਪਰ ਹਲੀਮੀ ਰਾਜ ਪੈਦਾ ਨਹੀਂ ਹੋ ਸਕਦਾ ਹਲੀਮੀ ਰਾਜ ਦੁਨੀਆ ਵਿਚ ਮਿਸਾਲ ਹੈ ਕੇਵਲ ਖਾਲਸਾ ਹੀ ਚਲਾ ਸਕਦਾ ਹੈ। ਉਨ੍ਹਾਂ ਕਿਹਾ ਕਿ ਸਿੱਖ ਕੌਮ ਨਾਲ ਨਹਿਰੂ ਪਟੇਲ ਗਾਂਧੀ ਨੇ ਸੰਤਾਲੀ ਵਿਚ ਜੋ ਵਾਇਦੇ ਕੀਤੇ ਸਨ ਸੌਹਾਂ ਖਾਧੀਆਂ ਸਨ ਉਨ੍ਹਾਂ ਵਾਇਦਿਆਂ ਨੂੰ ਹਿੰਦੂ ਲੀਡਰ ਜਬਰਦਸਤੀ ਮੁਕਰ ਰਹੇ ਹਨ ਜਿਵੇਂ ਕਦੀ ਪਹਾੜੀ ਹਿੰਦੂ ਰਾਜਾ ਭੀਮ ਚੰਦ ਮੁਕਰ ਗਿਆ ਸੀ ਲਭੋ ਕਿਥੇ ਹੈ ਕਿਥੇ ਉਸ ਦਾ ਰਾਜ ਭਾਗ ਨਰਕਾਂ ਦੇ ਗੋਤੇ ਖਾ ਰਿਹਾ ਇਹੀ ਹਾਲ ਇਨ੍ਹਾਂ ਦਿਲੀ ਦੇ ਰਾਜਿਆ ਦਾ ਇਕ ਦਿਨ ਹੋਵੇਗਾ ਹਿੰਦੂ ਰਾਜਿਆ ਮੋਦੀ ਅਮਿਤ ਸ਼ਾਹ ਨੂੰ ਮਾਣ ਹੈ ਪਰਮਾਣੂ ਬੰਬਾ ਮਜਾਇਲਾ ਫੌਜ ਤੇ ਪਰ ਖਾਲਸੇ ਨੂੰ ਭਰੋਸਾ ਕੇਵਲ ਪਰਮੇਸਰ ਤੇ ਹੈ। ਗੱਲਬਾਤ ਕਰਦਿਆਂ ਗੁਰਨਾਮ ਸਿੰਘ ਬੰਡਾਲਾ ਨੇ ਕਿਹਾ ਕਿ ਥੋੜਾ ਸਮਾਂ ਉਡੀਕੋ ਯੁੱਧ ਲਗਣਗੇ ਬੇਅੰਤ ਲੋਕਾਂ ਦਾ ਖੂਨ ਡੁਲੇਗਾ ਖਾਲਸਾ ਕ੍ਰਿਪਾਨ ਨਾਲ ਸਫਾਈ ਵੀ ਕਰੇਗਾ ਠੰਡ ਵੀ ਵਰਤਾਵੇਗਾ ਦਿਲੀ ਦੇ ਲੀਡਰ ਨੂੰ ਰਾਜ ਸਤਾ ਦਾ ਨਸ਼ਾ ਦਿਨੋ—ਦਿਨ ਖਾਲਸਾ ਰਾਜ ਵੱਲ ਲੈ ਕੇ ਜਾ ਰਿਹਾ ਸਚਖੰਡ ਦਰਬਾਰ ਸਾਹਿਬ ਤੇ ਟੈਂਕ ਤੋਪਾਂ ਚਾੜਨੇ ਬੱਚੇ ਬੀਬੀਆਂ ਮਾਰਨੇ ਝੂਠੇ ਪੁਲਸ ਮੁਕਾਬਲੇ ਕਰਨੇ ਚਾਲੀ ਚਾਲੀ ਸਾਲ ਸਿੰਘ ਕੈਦ ਵਿਚ ਰਖਨੇ ਇਸ ਜੁਲਮ ਨੇ ਹਿੰਦੂਸਤਾਨ ਦੀਆਂ ਜੜਾਂ ਹਿਲਾ ਦਿਤੀਆਂ ਹਨ, ਖਾਲਸਾ ਰਾਜ ਰੂਸ ਅਮਰੀਕਾ ਚੀਨ ਦੇ ਯੁੱਧ ਵਿਚ ਪ੍ਰਗਟ ਹੋਵੇਗਾ ਕੋਈ ਨਹੀਂ ਰੋਕ ਸਕਦਾ।

# ਗੁਰਦੁਆਰਾ ਮਾਈ ਰਾਮ ਦੇਵੀ ਜੀ ਵੱਲੋਂ ਗੁਰਧਾਮਾਂ ਦੇ ਦਰਸ਼ਨਾਂ ਲਈ ਬਸ ਯਾਤਰਾ ਰਵਾਨਾ

**ਫਿਰੋਜ਼ਪੁਰ/ਮਨੋਹਰ ਲਾਲ**

ਗੁਰਦੁਆਰਾ ਮਾਈ ਰਾਮ ਦੇਵੀ ਜੀ ਦੀ ਪ੍ਰਬੰਧਕ ਕਮੇਟੀ ਅਤੇ ਸਾਰੀ ਸੰਗਤ ਵੱਲੋਂ ਧੰਨ—ਧੰਨ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਪਾਤਸ਼ਾਹ ਜੀ ਦੇ ਸ਼ਹੀਦੀ ਗੁਰਪੁਰਬ ਨੂੰ ਮੁੱਖ ਰੱਖਦਿਆਂ ਪਿਛਲੇ 41 ਦਿਨ ਤੋਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਆਰੰਭ ਹੋਏ ਸਨ, ਜਿਸ ਦੇ ਭੋਗ 30 ਮਈ ਦਿਨ ਸ਼ੁਕਰਵਾਰ ਨੂੰ ਸਾਰੀ ਸਮਾਪਤੀ ਕੀਤੀ ਗਈ। ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠਾਂ ਦੀ ਸਮਾਪਤੀ ਉਪਰੰਤ ਬੱਸ ਯਾਤਰਾ ਹਰ ਸਾਲ ਸ਼ੁਕਰਾਨੇ ਵਾਸਤੇ ਜਾਂਦੀ ਹੈ, ਇਸ ਸਾਲ ਵੀ ਬਸ ਯਾਤਰਾ ਸ੍ਰੀ ਤਰਨ ਤਾਰਨ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਬਾਬਾ ਬੁੱਢਾ ਸਾਹਿਬ ਅਤੇ ਬਾਬਾ ਦੀਪ ਸਿੰਘ ਜੀ ਦੇ ਜਨਮ ਸਥਾਨ ਪੋਹ ਵਿੰਡ ਸਾਹਿਬ ਪਵਿੱਤਰ ਅਸਥਾਨਾਂ ਦੇ ਸੰਗਤਾਂ ਨੂੰ ਦਰਸ਼ਨ ਕਰਵਾਏ ਗਏ। ਉਨ੍ਹਾਂ




ਕਿਹਾ ਕਿ ਪਹੁਵਿੰਡ ਸਾਹਿਬ ਵਿਖੇ ਬਾਬਾ ਦੀਪ ਸਿੰਘ ਜੀ ਦੇ ਸੇਵਾਦਾਰ ਮਾਤਾ ਕੌਲਾਂ ਜੀ ਭਲਾਈ ਕੇਂਦਰ ਵਾਲੇ ਭਾਈ ਗੁਰਇਕਬਾਲ ਸਿੰਘ ਜੀ ਦੇ ਜਥੇ ਵੱਲੋਂ ਗੁਰੂ ਕੀਆਂ ਸੰਗਤਾਂ ਨੂੰ ਪ੍ਰਸ਼ਾਦਾ ਪਾਣੀ ਅਤੇ ਚਾਹ ਦੇ ਲੰਗਰ ਛਕਾਏ ਭਾਈ ਸਾਹਿਬ ਭਾਈ ਮਹਿੰਦਰ ਸਿੰਘ ਵੱਲੋਂ ਸੰਗਤਾਂ ਨੂੰ ਜੀ ਆਇਆ ਆਖਿਆ ਗਿਆ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜੀਤ ਸਿੰਘ ਅਤੇ ਗ੍ਰੰਥੀ ਭਾਈ ਅਵਤਾਰ ਸਿੰਘ ਫੌਜੀ ਨੂੰ ਭਾਈ ਸਾਹਿਬ ਨੇ ਸਿਰ ਪਾਓ ਦਿੱਤੇ। ਇਸ ਮੌਕੇ ਸਾਰੀ ਸੰਗਤ ਨੇ ਬੜੀ ਸ਼ਰਧਾ ਭਾਵਨਾ ਨਾਲ ਪਵਿੱਤਰ ਇਸ਼ਨਾਨ ਅਤੇ ਦਰਸ਼ਨ ਦੀਦਾਰੇ ਕੀਤੇ ਅਤੇ ਸਤਿਗੁਰੂ ਜੀ ਦਾ ਧੰਨਵਾਦ ਕੀਤਾ। ਇਹ ਜਾਣਕਾਰੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜੀਤ ਸਿੰਘ ਅਤੇ ਭਾਈ ਅਵਤਾਰ ਸਿੰਘ ਫੌਜੀ, ਹਰਮਿੰਦਰ ਸਿੰਘ ਨੇ ਸਾਂਝੀ ਕਰਦਿਆਂ ਸਮੂਹ ਸੰਗਤ ਦਾ ਧੰਨਵਾਦ ਕੀਤਾ।

# ਵਿਸ਼ਵ ਭਾਈ ਮਰਦਾਨਾ ਸੁਸਾਇਟੀ ਵੱਲੋਂ ਕਰਵਾਏ ਗੁਰਮਤ ਮੁਕਾਬਲਿਆਂ ਦੀ ਦੇਸ਼ਾਂ ਵਿਦੇਸ਼ਾਂ ਵਿੱਚ ਚਰਚਾ

**ਫਿਰੋਜ਼ਪੁਰ/ਮਨੋਹਰ ਲਾਲ**

ਵਿਸ਼ਵ ਭਾਈ ਮਰਦਾਨਾ ਯਾਦਗਾਰੀ ਕੀਰਤਨ ਦਰਬਾਰ ਸੁਸਾਇਟੀ ਵੱਲੋਂ 1 ਜੂਨ ਨੂੰ ਬੱਚਿਆਂ ਦੇ ਗੁਰਮਤ ਮੁਕਾਬਲਿਆਂ ਦੀ ਚਰਚਾ ਦੇਸ਼ਾਂ ਵਿਦੇਸ਼ਾਂ ਤੱਕ ਹੋਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੁਸਾਇਟੀ ਪ੍ਰਧਾਨ ਜਗਜੀਤ ਸਿੰਘ ਭੁੱਲਰ ਨੇ ਆਖਿਆ ਕਿ ਪ੍ਰੋਗਰਾਮ ਬਹੁਤ ਹੀ ਕਾਮਯਾਬ ਰਿਹਾ ਜਿਸ ਵਿੱਚ ਤਕਰੀਬਨ 42 ਬੱਚਿਆਂ ਨੇ ਹਿੱਸਾ ਲਿਆ ਤੇ ਸਾਰਿਆਂ ਨੂੰ ਹੀ ਸਨਮਾਨਿਤ ਕੀਤਾ ਗਿਆ। ਉਨ੍ਹਾਂ ਕਿਹਾ ਕਿ ਵਿਦੇਸ਼ਾਂ ਤੋਂ ਜਸਵਿੰਦਰ ਸਿੰਘ ਕਾਲਾ, ਮਨਜੀਤ ਸਿੰਘ ਭੋਗਲ, ਬਲਕਾਰ ਸਿੰਘ, ਗੁਰਪ੍ਰੀਤ ਸਿੰਘ ਗੋਪੀ ਇੰਗਲੈਂਡ ਤੋਂ, ਗੁਰਮਿੰਦਰ ਸਿੰਘ ਰਾਜੂ ਅਮਰੀਕਾ ਤੋਂ, ਡਾਕਟਰ ਐਸ.ਪੀ ਸਿੰਘ ਉਬਰਾਏ, ਰਣਬੀਰ ਸਿੰਘ ਭੁੱਲਰ ਐਮ.ਐਲ.ਏ, ਅਨੁਮੀਤ ਸਿੰਘ ਹੀਰਾ ਸੋਢੀ, ਸੁਖਪਾਲ ਸਿੰਘ ਨੰਨੂ, ਬਲਵੀਰ ਸਿੰਘ ਰਾਮੂਵਾਲੀਆ, ਬਾਬਾ ਅਜਮੇਰ ਸਿੰਘ ਰੱਬ ਜੀ ਟਰਸਟ ਮੋਗਾ, ਧਰਮਜੀਤ ਸਿੰਘ ਘਟੋੜਾ, ਬਲਦੇਵ ਸਿੰਘ ਮਹਿਰੋਂ, ਬਾਬਾ ਕਪੂਰ ਸਿੰਘ



ਸਨੇਰਾ ਵਾਲੇ ਨੇ ਗੁਰਮਤਿ ਮੁਕਾਬਲਿਆਂ ਅਤੇ ਧਾਰਮਿਕ ਪ੍ਰੋਗਰਾਮ ਕਰਵਾਉਣ ਲਈ ਵਿਸ਼ਵ ਭਾਈ ਮਰਦਾਨਾ ਸੋਸਾਇਟੀ ਨੂੰ ਵਧਾਈ ਦਿੱਤੀ। ਗੱਲਬਾਤ ਕਰਦਿਆਂ ਹਰਜੀਤ ਸਿੰਘ ਧਾਲੀਵਾਲ ਨੇ ਆਖਿਆ ਕਿ ਆਉਣ ਵਾਲੇ ਸਮੇਂ ਵਿੱਚ ਹੋਰ ਪ੍ਰੋਗਰਾਮ ਵੀ ਉਲੀਕੇ ਜਾਣਗੇ ਜਿਸ ਨਾਲ ਨੌਜਵਾਨਾਂ ਵਿੱਚ ਬੱਚਿਆਂ ਵਿੱਚ ਵਿਸ਼ੇਸ਼ ➡ਚੀ ਪੈਦਾ ਕੀਤੀ ਜਾਵੇਗੀ, ਜਿਸ ਤੋਂ ਪ੍ਰੇਰਨਾ ਲੈ ਕੇ ਬੱਚੇ ਧਾਰਮਿਕ ਪ੍ਰੋਗਰਾਮ ਵਿੱਚ ਵੱਧ ਚੜ ਕੇ ਹਿੱਸਾ ਲੈ ਸਕਣ।

ਇਸ ਮੌਕੇ ਬਲਜਿੰਦਰ ਸਿੰਘ ਬੱਬੂ ਹੁਸੈਨੀਵਾਲਾ, ਗੁਰਮੀਤ ਸਿੰਘ ਹਸਤੀ ਵਾਲਾ, ਹਰਦੀਪ ਸਿੰਘ ਸਰਪੰਚ ਰੱਜੀਵਾਲਾ, ਪਰਮਜੀਤ ਸਿੰਘ ਪੰਮਾ, ਰਣਬੀਰ ਸਿੰਘ ਰਾਣਾ, ਇੰਦਰਪਾਲ ਪ੍ਰਿੰਸ, ਰਾਜੇਸ਼ ਕੁਮਾਰ ਜੋਗਾ ਸਿੰਘ ਆਦਿ ਹਾਜ਼ਰ ਸਨ। ਇਨ੍ਹਾਂ ਮੁਕਾਬਲਿਆਂ ਦੌਰਾਨ ਜਿਥੇ ਬੱਚਿਆਂ ਦੇ ਦਸਤਾਰ ਬੰਦੀ ਮੁਕਾਬਲੇ ਕਰਵਾਏ ਗਏ, ਉਥੇ ਬੱਚਿਆਂ ਵਿਚ ਮੂਲ ਮੰਤਰ ਅਤੇ ਗੁਰਬਾਣੀ ਉਚਾਰਨ ਦੇ ਮੁਕਾਬਲੇ ਕਰਵਾਏ ਗਏ। ਇਸ ਸਾਰੇ ਸਮਾਗਮ ਵਿਚ ਇਕ ਚਾਰ ਸਾਲਾ ਬੱਚਾ ਸਿ ?ਵ ਕਬੀਰ ਸਿੰਘ ਸਾਰੇ ਪੰਡਾਲ ਵਿਚ ਖਿੱਚ ਦਾ ਕੇਂਦਰ ਬਣਿਆ ਰਿਹਾ, ਜਿਸ ਦੀ ਵੱਖਰੀ ਪੋਸ਼ਾਕ ਵਿਲਖਣ ਕੇਂਦਰ ਰਹੀ।

## ਨਿਗਮ ਕਮਿਸ਼ਨਰ ਨੇ ਵਿਸ਼ਵ ਵਾਤਾਵਰਨ ਦਿਵਸ ਮੌਕੇ ਪੌਦੇ ਲਗਾ ਕੇ ਸ਼ਹਿਰ ਵਾਸੀਆਂ ਨੂੰ ਦਿੱਤਾ ਸੰਦੇਸ਼



**ਅੰਮ੍ਰਿਤਸਰ /ਅਰਵਿੰਦਰ ਵੜੈਚ**

ਨਗਰ ਨਿਗਮ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਵਿਸ਼ਵ ਵਾਤਾਵਰਣ ਦਿਵਸ ਮੌਕੇ ਗੋਲਾਬਾਗ ਦੇ ਚਿਲਡਰਨ ਪਾਰਕ ਵਿੱਚ ਰੁੱਖ ਲਗਾਏ। ਨਗਰ ਨਿਗਮ ਅਤੇ ਲਾਰਸਨ ਐਂਡ ਟੂਬਰੋ ਕੰਪਨੀ ਵੱਲੋਂ ਅੰਮ੍ਰਿਤਸਰ ਬਲਕ ਵਾਟਰ ਸਪਲਾਈ ਸਕੀਮ (ਏ.ਬੀ.ਡਬਲਯੂ.ਐਸ.ਐਸ) ਪ੍ਰੋਜੈਕਟ ਤਹਿਤ ਕਰਵਾਏ ਗਏ ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਲੋਕਾਂ ਨੂੰ ਵਾਤਾਵਰਣ ਸੁਰੱਖਿਆ ਪ੍ਰਤੀ ਜਾਗਰੂਕ ਕਰਨਾ ਅਤੇ ਲੋਕਾਂ ਨੂੰ ਵੱਧ ਤੋਂ ਵੱਧ ਰੁੱਖ ਲਗਾਉਣ ਲਈ ਪ੍ਰੇਰਿਤ ਕਰਨਾ ਸੀ। ਇਸ ਮੌਕੇ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਕਿਹਾ ਕਿ ਜਲਵਾਯੂ ਪਰਿਵਰਤਨ ਦੇ ਪ੍ਰਭਾਵ ਨੂੰ ਘੱਟ ਕਰਨ ਲਈ ਵੱਧ ਤੋਂ ਵੱਧ ਰੁੱਖ ਲਗਾਉਣੇ ਬਹੁਤ ਜ਼ਰੂਰੀ ਹਨ। ਉਨ੍ਹਾਂ ਆਮ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਜਲਦੀ ਹੀ ਬਰਸਾਤ ਦਾ ਮੌਸਮ ਸ਼ੁਰੂ ਹੋਣ ਜਾ ਰਿਹਾ ਹੈ ਜੋ ਕਿ ਰੁੱਖ ਲਗਾਉਣ ਲਈ ਸਭ ਤੋਂ ਢੁੱਕਵਾਂ ਮੌਸਮ ਹੈ। ਇਸ ਲਈ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ। ਲੋਕਾਂ ਨੂੰ ਆਪਣੇ ਘਰਾਂ ਦੇ ਆਲੇ-ਦੁਆਲੇ ਰੁੱਖ ਲਗਾਉਣੇ ਚਾਹੀਦੇ ਹਨ ਅਤੇ ਅਧਾਰੀਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਦਫ਼ਤਰਾਂ ਵਿੱਚ ਜਿੱਥੇ ਵੀ ਜਗ ?ਹਾ ਉਪਲਬਧ ਹੋਵੇ, ਰੁੱਖ ਲਗਾਉਣ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਪੌਦੇ ਲਗਾਉਣ ਤੋਂ ਬਾਅਦ ਅਕਸਰ ਲੋਕ ਉਹਨਾਂ ਦੀ ਸੰਭਾਲ ਨਹੀਂ ਕਰਦੇ, ਜਿਸ ਕਾਰਨ ਰੁੱਖ ਬਾਲਗ ਹੋਣ ਤੋਂ ਪਹਿਲਾਂ ਹੀ ਮਰ ਜਾਂਦੇ ਹਨ। ਇਸ ਲਈ ਰੁੱਖ ਲਗਾਉਣ ਦੇ ਨਾਲ-ਨਾਲ ਉਹਨਾਂ ਨੂੰ ਸਮੇਂ ਸਿਰ ਪਾਣੀ ਦੇਣਾ ਅਤੇ ਰੁੱਖ ਦੇ ਵੱਡੇ ਹੋਣ ਤੱਕ ਉਨ੍ਹਾਂ ਦੀ ਦੇਖਭਾਲ ਕਰਨਾ ਬਹੁਤ ਜ਼ਰੂਰੀ ਹੈ। ਇਸ ਮੌਕੇ ਏ.ਬੀ.ਡਬਲਯੂ.ਐਸ.ਐਸ ਦੇ ਪ੍ਰੋਜੈਕਟ ਮੈਨੇਜਰ ਕੁਲਦੀਪ ਸਿੰਘ ਸੈਣੀ (ਸੇਵਾਮੁਕਤ ਮੁੱਖ ਇੰਜੀਨੀਅਰ) ਨੇ ਕਿਹਾ ਕਿ ਪ੍ਰੋਜੈਕਟ ਅਧੀਨ, ਕੱਟੇ ਗਏ ਹਰੇਕ ਰੁੱਖ ਲਈ ਦਸ ਰੁੱਖ ਲਗਾਉਣ ਦਾ ਪ੍ਰਾਵਧਾਨ ਹੈ ਅਤੇ ਹੁਣ ਤੱਕ ਪ੍ਰੋਜੈਕਟ ਵਿੱਚ 329 ਰੁੱਖ ਕੱਟੇ ਜਾ ਚੁੱਕੇ ਹਨ ਅਤੇ ਜਿਸ ਤਹਿਤ ਲਗਭਗ 3300 ਰੁੱਖ ਲਗਾਏ ਜਾਣੇ ਹਨ ਅਤੇ ਹੁਣ ਤੱਕ 2135 ਰੁੱਖ ਲਗਾਏ ਜਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਸ਼ਹਿਰ ਵਿੱਚ ਬਣ ਰਹੀਆਂ ਟੈਂਕੀਆਂ ਦੇ ਆਲੇ-ਦੁਆਲੇ ਪਾਰਕ ਵਿਕਸਤ ਕੀਤੇ ਜਾਣਗੇ ਅਤੇ ਉੱਥੇ ਵੀ ਰੁੱਖ ਲਗਾਏ ਜਾਣਗੇ। ਇਸ ਮੌਕੇ 'ਤੇ, ਵੱਲਾ ਵਿੱਚ ਪਲਾਸਟਿਕ ਦੇ ਕੂੜੇ ਨੂੰ ਸਾਫ਼ ਕਰਨ ਦੀ ਮੁਹਿੰਮ ਚਲਾਈ ਕੀਤੀ ਗਈ ਅਤੇ ਰੁੱਖ ਲਗਾਏ ਗਏ। ਇਸ ਮੌਕੇ ਡਿਪਟੀ ਪ੍ਰੋਜੈਕਟ ਮੈਨੇਜਰ ਨਰਿੰਦਰਪਾਲ ਸਿੰਘ, ਲਾਰਸਨ ਐਂਡ ਟੂਬਰੋ ਦੇ ਪ੍ਰੋਜੈਕਟ ਮੈਨੇਜਰ ਰਾਹੁਲ ਪਟੇਲ, ਅਸ਼ਵਨੀ ਕੁਮਾਰ, ਸੁਖਬੀਰ ਸਿੰਘ, ਐਸਡੀਓ ਰਣਜੀਤ ਸਿੰਘ, ਹਰਪ੍ਰੀਤ ਸਿੰਘ, ਡਾ. ਮੋਨਿਕਾ ਸੱਭਰਵਾਲ ਆਦਿ ਵੀ ਮੌਜੂਦ ਸਨ।

## ਭਾਰਤ ਵਿਕਾਸ ਪ੍ਰੀਸ਼ਦ ਵੱਲੋਂ ਵਣ ਮਹਾਂ ਉਤਸਵ ਸਮਾਗਮ ਅਯੋਜਿਤ



**ਜ਼ੀਰਾ / ਅੰਗਰੇਜ਼ ਬਰਾੜ**

ਸ਼ਹੀਦ ਗੁਰਦਾਸ ਰਾਮ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਜ਼ੀਰਾ ਵਿਖੇ ਭਾਰਤ ਵਿਕਾਸ ਪ੍ਰੀਸ਼ਦ ਬ੍ਰਾਂਚ ਜ਼ੀਰਾ ਵੱਲੋਂ ਪ੍ਰਧਾਨ ਸੁਖਦੇਵ ਸਿੰਘ ਬਿੱਟੂ ਵਿੱਜ ਦੀ ਅਗਵਾਈ ਹੇਠ ਅੰਤਰਰਾਸ਼ਟਰੀ ਵਣ ਮਹਾਂ ਉਤਸਵ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸੰਸਥਾ ਦੇ ਆਗੂਆਂ ਵੱਲੋਂ ਸਾਂਝੇ ਤੌਰ ਤੇ ਪਹਿਲਾ ਪੌਦਾ ਲਗਾਉਣ ਦੀ ਰਸਮ ਪੂਰੀ ਕੀਤੀ ਗਈ। ਸਮਾਗਮ ਵਿੱਚ ਸਕੂਲ ਦੇ ਪ੍ਰਿੰਸੀਪਲ ਰਾਕੇਸ਼ ਸ਼ਰਮਾ ਨੇ ਆਏਂ ਮਹਿਮਾਨਾ ਦਾ ਧੰਨਵਾਦ ਕਰਦਿਆਂ ਵਿਦਿਆਰਥੀ ਅਤੇ ਸਕੂਲ ਸਟਾਫ ਨੂੰ ਵੱਧ ਤੋਂ ਵੱਧ ਪੌਦੇ ਲਗਾਉਣ ਲਈ ਪ੍ਰੇਰਿਤ ਕੀਤਾ । ਇਸ ਮੌਕੇ ਪ੍ਰਧਾਨ ਸੁਖਦੇਵ ਬਿੱਟੂ ਵਿੱਜ ਨੇ ਸਭ ਵਰਗਾਂ ਦੇ ਲੋਕਾਂ ਅਤੇ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਦਰਖਤ ਲਗਾਉਣ ਦੀ ਅਪੀਲ ਕੀਤੀ! ਉਹਨਾਂ ਕਿਹਾ ਕਿ ਦਰਖਤਾਂ ਦੇ ਨਾਲ ਸਾਡਾ ਵਾਤਾਵਰਨ ਸ਼ੁੱਧ ਹੁੰਦਾ ਹੈ। ਇਸ ਮੌਕੇ ਸਤਿੰਦਰ ਸਚਦੇਵਾ ਸਟੇਟ ਵਾਈਸ ਪ੍ਰਧਾਨ, ਗੁਰਪ੍ਰੀਤ ਸਿੰਘ ਜੱਜ, ਮਹਿੰਦਰਪਾਲ ਚੇਅਰਮੈਨ, ਚਰਨਪ੍ਰੀਤ ਸਿੰਘ ਸੋਨੂ ਵਾਈਸ ਪ੍ਰਧਾਨ, ਗੁਰਬਖਸ਼ ਸਿੰਘ ਵਿੱਜ ਕੈਸ਼ੀਅਰ, ਤਰਸੇਮ ਜਨੇਜਾ ਐਡਵਾਈਜ਼ਰ, ਸੰਜੀਵ ਸਚਦੇਵਾ, ਦੀਪਕ ਵਿੱਜ ਅਡਵਾਈਜ਼ਰ, ਲੈਕਚਰਾਰ ਨਰਿੰਦਰ ਸਿੰਘ, ਚਰਨਜੀਤ ਸਿੰਘ ਸਿੱਕੀ ਅਡਵਾਈਜ਼ਰ, ਚਾਂਦ ਅਰੋੜਾ, ਰਿਪਣ ਅਰੋੜਾ, ਅਮਨ ਗਰੋਵਰ , ਸੁਖਦੇਵ ਬੱਬਰ ਆਦਿ ਸਮਾਜ ਸੇਵੀ ਹਾਜ਼ਰ ਸਨ।

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪੰਜਾਬ ਭਰ ਵਿੱਚ ਲਗਾਵੇਗੀ ਪੰਜ ਲੱਖ ਪੌਦੇ- ਸੁਰਭੀ ਪਰਾਸ਼ਰ

**ਮੋਹਾਲੀ /ਅਸ਼ੋਕ ਜੋਸ਼ੀ**

ਜਸਟਿਸ ਦੀਪਕ ਸਿੱਬਲ, ਜੱਜ, ਪੰਜਾਬ ਅਤੇ ਹਰਿਆਣਾ ਹਾਈਕੋਰਟ-ਕਮ- ਕਾਰਜਕਾਰੀ ਚੇਅਰਮੈਨ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਿਸ਼ਾ ਨਿਰਦੇਸ਼ਾਂ ਅਤੇ ਸ਼੍ਰੀ ਅਤੁਲ ਕਸਾਨਾ, ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ. ਨਗਰ ਦੀ ਯੋਗ ਅਗਵਾਈ ਹੇਠ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ. ਨਗਰ ਵੱਲੋਂ ਅੱਜ ਵਿਸ਼ਵ ਵਾਤਾਵਰਣ ਦਿਵਸ ਦੇ ਮੌਕੇ ਤੇ ਜ਼ਿਲ੍ਹੇ ਭਰ ਵਿੱਚ ÷ਹਰ ਮਨੁੱਖ ਲਾਵੇ ਇੱਕ ਰੁੱਖ÷ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ । ਇਸ ਮੁਹਿੰਮ ਦਾ ਮੁੱਖ ਉਦੇਸ਼ ਰੁੱਖਾਂ ਦੀ ਮਹੱਤਤਾ ਬਾਰੇ ਜਾਗਰੂਕਤਾ ਪੈਦਾ ਕਰਨਾ ਅਤੇ ਵਾਤਾਵਰਣ ਦੀ ਰੱਖਿਆ ਵਿੱਚ ਭਾਈਚਾਰਕ ਭਾਗੀਦਾਰੀ ਨੂੰ ਉਤਸ਼ਾਹਿਤ ਕਰਨਾ ਹੈ।




ਸ਼੍ਰੀਮਤੀ ਸੁਰਭੀ ਪਰਾਸ਼ਰ, ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ. ਨਗਰ ਵੱਲੋਂ ਦੱਸਿਆ ਗਿਆ ਕਿ ਇਸ ਰਾਜ ਪੱਧਰੀ ਮੁਹਿੰਮ ਤਹਿਤ ਸਮੂਹ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀਆਂ ਵੱਲੋਂ ਪੰਜਾਬ ਭਰ ਵਿੱਚ ਕੁੱਲ 5 ਲੱਖ ਪੌਦੇ ਲਗਾਉਣ ਦਾ ਟੀਚਾ ਹੈ।

ਇਸ ਮੌਕੇ ਤੇ "ਈਕੋ ਪਲਾਂਟੇਸ਼ਨ ਐਸੋਸੀਏਸ਼ਨ" ਗੈਰ ਸਰਕਾਰੀ ਸੰਸਥਾ ਦੇ ਤਾਲਮੇਲ ਨਾਲ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ. ਨਗਰ ਵੱਲੋਂ ਸੈਕਟਰ 69, ਐਸ.ਏ.ਐਸ. ਨਗਰ ਵਿੱਚ ਵਾਤਾਵਰਣ ਅਨੁਕੂਲ ਪੌਦੇ ਲਗਾਏ ਗਏ।

ਇਸ ਮੌਕੇ ਤੇ ਸ਼੍ਰੀਮਤੀ ਸੁਰਭੀ ਪਰਾਸ਼ਰ, ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ. ਨਗਰ ਅਤੇ "ਈਕੋ ਪਲਾਂਟੇਸ਼ਨ ਐਸੋਸੀਏਸ਼ਨ" ਦੇ ਮੈਂਬਰਾਂ ਮਲਕੀਤ ਸਿੰਘ, ਆਰ.ਕੇ. ਸਿੰਘ, ਐਚ.ਐਸ. ਮਠਾਰੂ, ਕੁਲਵੰਤ ਸਿੰਘ, ਐਚ.ਆਰ. ਸ਼ਿਮਰ, ਗੋਪਾਲ ਸਿੰਘ, ਅਮਨਦੀਪ ਸੋਹੀ, ਹਰਜਿੰਦਰ ਬਲ ਅਤੇ ਗੁਰਚਰਨ ਕੌਰ ਵੱਲੋਂ ਵੱਖ-ਵੱਖ ਕਿਸਮਾਂ ਦੇ ਪੌਦੇ ਲਗਾਏ ਗਏ।

ਸ਼੍ਰੀਮਤੀ ਸੁਰਭੀ ਪਰਾਸ਼ਰ, ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ. ਵੱਲੋਂ ਸੈਕਟਰ 69, ਐਸ.ਏ.ਐਸ. ਨਗਰ ਵਿਖੇ ਸਥਿਤ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਮੁੱਖ ਦਫ਼ਤਰ ਵਿਖੇ ਵੀ ਪੌਦੇ ਲਗਾਏ ਗਏ ਅਤੇ ਦੂਜਿਆਂ ਨੂੰ ਵੀ ਵਾਤਾਵਰਣ ਸਥਿਰਤਾ ਲਈ ਵੱਧ ਤੋਂ ਵੱਧ ਪੌਦੇ ਲਗਾਉਣ ਲਈ ਪ੍ਰੇਰਿਤ ਕੀਤਾ ਗਿਆ। ਉਹਨਾਂ ਵੱਲੋਂ ਪਲਾਸਟਿਕ ਮੁਕਤ ਉਤਪਾਦਾਂ ਦੀ ਚੋਣ ਕਰਕੇ ਵਾਤਾਵਰਣ ਦੀ ਰੱਖਿਆ ਬਾਰੇ ਜਾਗਰੂਕਤਾ ਵੀ ਫੈਲਾਈ ਗਈ।

# ਵਿਸ਼ਵ ਵਾਤਾਵਰਣ ਦਿਵਸ 'ਤੇ 250 ਅਧਿਆਪਕਾਂ ਲਈ ਮਾਸਟਰ ਸਿਖਲਾਈ ਦਾ ਆਯੋਜਨ, ਟਰੇਨਰ ਦੂਜਿਆਂ ਨੂੰ ਕਰਨਣਗੇ ਸਸ਼ਕਤ

**ਅੰਮ੍ਰਿਤਸਰ**

ਵਿਸ਼ਵ ਵਾਤਾਵਰਣ ਦਿਵਸ ਦੇ ਮੌਕੇ 'ਤੇ, ਪੰਜਾਬ ਵਿੱਚ ਵੱਧ ਰਹੇ ਹਵਾ ਪ੍ਰਦੂਸ਼ਣ ਅਤੇ ਜਲਵਾਯੂ ਪਰਿਵਰਤਨ ਨਾਲ ਨਜਿੱਠਣ ਵੱਲ ਇੱਕ ਵਿਆਪਕ ਕਦਮ ਚੁੱਕਦੇ ਹੋਏ, ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ, ਸ਼੍ਰੀ ਭਗਤਵਾਲਾ ਵਿਖੇ 250 ਅਧਿਆਪਕਾਂ ਦੀ ਮਾਸਟਰ ਸਿਖਲਾਈ ਦਾ ਆਯੋਜਨ ਕੀਤਾ ਗਿਆ। ਇਹ ਇੱਕ ਰੋਜ਼ਾ ਸਿਖਲਾਈ ਕਲੀਨ ਏਅਰ ਪੰਜਾਬ, ਏਅਰ ਕੇਅਰ ਸੈਂਟਰ, ਫੁਲਕਾਰੀ ਅਤੇ ਵਾਇਸ ਆਫ ਅੰਮ੍ਰਿਤਸਰ ਦੇ ਸਹਿਯੋਗ ਨਾਲ ਆਯੋਜਿਤ ਕੀਤੀ ਗਈ ਸੀ। ਸਿਖਲਾਈ ਸੈਸ਼ਨ ਦੌਰਾਨ, ਉਨ੍ਹਾਂ ਨੂੰ ਲਾਈਵ ਏਅਰ ਕੁਆਲਿਟੀ ਨਿਗਰਾਨੀ ਨਾਲ ਸਬੰਧਤ ਤਕਨੀਕਾਂ ਤੋਂ ਜਾਣੂ ਕਰਵਾਇਆ ਗਿਆ। ਇਹ ਲਾਭਪਾਤਰੀ ਸਿਖਿਆਰਥੀ ਹੁਣ ਇਸ ਗਿਆਨ ਨੂੰ ਆਪਣੇ ਸਕੂਲਾਂ ਅਤੇ ਭਾਈਚਾਰਿਆਂ ਵਿੱਚ ਵਾਪਸ ਫੈਲਾਉਣਗੇ, ਜਿਸ ਨਾਲ ਲੋਕਾਂ ਵਿੱਚ ਵਾਤਾਵਰਣ ਪ੍ਰਤੀ ਜਾਗਰੂਕਤਾ ਪੈਦਾ ਕਰਨ ਦੀ ਮੁਹਿੰਮ ਨੂੰ ਹੋਰ ਮਜ਼ਬੂਤੀ ਮਿਲੇਗੀ।






ਸਿੱਖਿਆ ਸ਼ਾਸਤਰੀ ਅਤੇ ਕਲੀਨ ਏਅਰ ਪੰਜਾਬ ਦੀ ਮੈਂਬਰ, ਸ਼ਵੇਤਾ ਮਹਿਤਾ ਨੇ ਇਸ ਮੌਕੇ 'ਤੇ ਕਿਹਾ ਕਿ ਉਹ ਨਾ ਸਿਰਫ਼ ਸਿਖਲਾਈ ਦੇ ਰਹੇ ਹਨ ਬਲਕਿ ਇੱਕ ਮੁਹਿੰਮ ਵੀ ਬਣਾ ਰਹੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ 250 ਸਿਖਿਆਰਥੀਆਂ ਰਾਹੀਂ ਸੈਂਕੜੇ ਬੱਚਿਆਂ ਨੂੰ ਸਸ਼ਕਤ ਬਣਾਇਆ ਜਾਵੇਗਾ। ਸਿਖਲਾਈ ਵਿੱਚ ਪਰਾਲੀ ਸਾੜਨ, ਵਾਹਨਾਂ ਤੋਂ ਨਿਕਲਣ ਵਾਲੇ ਨਿਕਾਸ, ਵਧਦਾ ਤਾਪਮਾਨ ਅਤੇ ਘਟਦੇ ਹਰੇ ਖੇਤਰਾਂ ਵਰਗੇ ਪ੍ਰਮੁੱਖ ਮੁੱਦਿਆਂ 'ਤੇ ਚਰਚਾ ਕੀਤੀ ਜਾਵੇਗੀ।

ਪੰਜਾਬ ਵਿੱਚ ਔਰਤਾਂ ਦੇ ਸਭ ਤੋਂ ਵੱਡੇ ਨੈੱਟਵਰਕ, ਫੁਲਕਾਰੀ ਦੀ ਸੰਯੁਕਤ ਰਾਸ਼ਟਰੀ ਮੁਖੀ ਨਿਧੀ ਸਿੰਧਵਾਨੀ ਨੇ ਵੀ ਚਿੰਤਾ ਪ੍ਰਗਟ ਕੀਤੀ ਕਿ ਜਲਵਾਯੂ ਪਰਿਵਰਤਨ ਕਿਸਾਨਾਂ, ਔਰਤਾਂ ਅਤੇ ਛੋਟੇ ਵਰਗ ਦੇ ਲੋਕਾਂ ਨੂੰ ਪ੍ਰਭਾਵਿਤ ਕਰ ਰਿਹਾ ਹੈ, ਜਿਸਦਾ ਹੱਲ ਹੁਣ ਲੋਕਾਂ ਵਿੱਚ ਵਾਤਾਵਰਣ ਪ੍ਰਤੀ ਜਾਗਰੂਕਤਾ ਹੈ।

ਸਕੂਲ ਪ੍ਰਿੰਸੀਪਲ ਜਸਪਾਲ ਕੌਰ ਨੇ ਖੁਸ਼ੀ ਪ੍ਰਗਟ ਕੀਤੀ ਕਿ ਉਨ੍ਹਾਂ ਦੇ ਸਕੂਲ ਨੇ ਇਸ ਪਹਿਲਕਦਮੀ ਵਿੱਚ ਹਿੱਸਾ ਲਿਆ ਹੈ। ਉਨ੍ਹਾਂ ਉਮੀਦ ਪ੍ਰਗਟ ਕੀਤੀ ਕਿ ਇਸ ਮੁਹਿੰਮ ਨੂੰ ਨੇੜਲੇ ਭਵਿੱਖ ਵਿੱਚ ਹੋਰ ਸਕੂਲਾਂ ਰਾਹੀਂ ਮਜ਼ਬੂਤ ਕੀਤਾ ਜਾਵੇਗਾ।

## ਮੰਗਾਂ ਨਾ ਮੰਨੇ ਜਾਣ ਦੇ ਰੋਸ ਵਜੋਂ ਲੁਧਿਆਣਾ ਵਿਖੇ 11 ਜੂਨ ਨੂੰ ਕੱਢੇਗੀ ਜਾਵੇਗੀ ਰੋਸ ਰੈਲੀ : ਐਨ ਐਸ ਕਿਊ ਐਫ ਯੂਨੀਅਨ ਕਮੇਟੀ ਪੰਜਾਬ




**ਅੰਮ੍ਰਿਤਸਰ**

ਐਨ.ਐਸ.ਕਿਊ.ਐਫ ਵੋਕੇਸਨਲ ਅਧਿਆਪਕ ਯੂਨੀਅਨ ਨੇ ਕਿਹਾ ਕਿ ਸਰਕਾਰ ਦੇ ਪਿਛਲੇ ਕਈ ਮਹੀਨਿਆਂ ਤੋਂ ਲਾਰਿਆਂ ਤੋਂ ਅੱਕ ਕਿ 11 ਜੂਨ ਨੂੰ ਵੱਡੀ ਗਿਣਤੀ ਦੇ ਰੂਪ ਚ ਲੁਧਿਆਣਾ ਵਿਖੇ ਰੋਸ ਰੈਲੀ ਕੀਤੀ ਜਾਵੇਗੀ ਤੇ ਆਪ ਆਗੂਆਂ ਦਾ ਘਿਰਾਓ ਕੀਤਾ ਜਾਵੇਗਾ ਗੌਰਤਲਬ ਹੈ ਕਿ ਐਨ.ਐਸ .ਕਿਊ.ਐਫ ਅਧਿਆਪਕਾਂ ਨੂੰ ਪਿਛਲੇ ਕੇਂਦਰ ਦੀ ਪੈਨ ਰਿਪੋਰਟ ਮੁਤਾਬਿਕ ਤਨਖਾਹ ਨਹੀਂ ਦਿੱਤੀ ਜਾਂਦੀ ।ਚੋਣਾਂ ਸਮੇਂ ਸਰਕਾਰ ਨੇ ਵਾਅਦਾ ਕੀਤਾ ਸੀ ਅਤੇ ਮੁੱਖ ਮੰਤਰੀ ਨੇ ਚੋਣਾਂ ਚ ਟਵੀਟ ਵੀ ਕੀਤਾ ਸੀ ਕਿ ਆਊਟਸੋਰਸ ਭਰਤੀ ਬੰਦ ਕਰਾਂਗੇ ਪਰ ਸਰਕਾਰ ਬਣਨ ਤੋਂ ਬਾਅਦ ਪ੍ਰਾਈਵੇਟ ਘਰਾਣਿਆਂ ਨੇ ਮੁੜ ਸਰਕਾਰੀ ਸਕੂਲਾਂ ਚ ਵੋਕੇਸਨਲ ਅਧਿਆਪਕਾ ਦੀ ਨਿਯੁਕਤੀ ਕੀਤੀ ਹੈ॥ ਅਧਿਆਪਕ ਆਗੂਆਂ ਨੇ ਗੱਲਬਾਤ ਦੌਰਾਨ ਦੱਸਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਸਮੇਂ ਐਨ ਐਸ਼ ਕਿਊ ਐਫ ਅਧਿਆਪਕਾਂ ਦਾ ਵੱਡਾ ਯੋਗਦਾਨ ਸੀ ਪਰ ਸਰਕਾਰ ਬਣਨ ਤੋਂ ਬਾਅਦ ਮੰਤਰੀਆਂ ਦੇ ਲਾਰਿਆਂ ਤੋਂ ਬਿਨਾ ਕੁੱਝ ਨਹੀ ਮਿਲਿਆ ਪਰ ਹੁਣ 11 ਜੂਨ ਨੂੰ ਵੱਡਾ ਇਕੱਠ ਕਰਕੇ ਸਰਕਾਰ ਦੀਆਂ ਗਲਤ ਨੀਤੀਆਂ ਦਾ ਵਿਰੋਧ ਕਰਾਂਗੇ ਇਸ ਮੌਕੇ ਅਧਿਆਪਕਾਂ ਨੇ ਦੱਸਿਆ ਕਿ ਲੁਧਿਆਣਾ ਵਿਖੇ ਅਣਮਿੱਥੇ ਸਮੇਂ ਤੱਕ ਸੰਘਰਸ਼ ਕਰਾਂਗੇ ਜਦੋ ਤੱਕ ਮੰਗਾਂ ਨਹੀਂ ਮੰਨੀਆਂ ਜਾਂਦੀਆਂ ਅਸੀ ਸੜਕੇ ਤੇ ਹੀ ਰਹਾਗੇ ॥

## ਹੱਸਣਾ ਸਾਡੇ ਲਈ ਕਿਓ ਜਰੂਰੀ ਹੈ : ਜਸਵਿੰਦਰ ਕੌਰ ਜੱਸੀ



**ਜ਼ੀਰਾ /ਅੰਗਰੇਜ਼ ਬਰਾੜ**

ਹੱਸਣਾ ਸਾਡੀ ਜ਼ਿੰਦਗੀ ਵਿੱਚ ਖੁਸ਼ੀ ਅਤੇ ਤਾਜ਼ਗੀ ਲਿਆਉਂਦਾ ਹੈ। ਇਹ ਸਾਡੀ ਮਾਨਸਿਕ ਅਤੇ ਸਰੀਰਕ ਸਿਹਤ ਲਈ ਲਾਭਦਾਇਕ ਹੈ! ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਮਾਲਵੇ ਦੀ ਚਰਚਿਤ ਲੇਖਿਕਾ ਜਸਵਿੰਦਰ ਕੌਰ ਜੱਸੀ ਨੇ ਪੱਤਰਕਾਰਾਂ ਕੋਲ ਕੀਤਾ। ਉਹਨਾਂ ਕਿਹਾ ਕਿ ਹੱਸਣਾ ਸਮਾਜਿਕ ਸੰਬੰਧਾਂ ਨੂੰ ਮਜ਼ਬੂਤ ਬਣਾਉਂਦਾ ਹੈ। ਇਸ ਲਈ, ਜਦੋਂ ਵੀ ਮਸ਼ਕਲਾਂ ਆਉਂਦੀਆਂ ਹਨ, ਹੱਸਣਾ ਇੱਕ ਸਹੀ ਅਤੇ ਕੁਦਰਤੀ ਥੈਰੇਪੀ ਹੈ, ਜੋ ਸਾਡੀ ਜ਼ਿੰਦਗੀ ਨੂੰ ਬਿਹਤਰ ਬਣਾ ਸਕਦੀ ਹੈ। ਮੈਡਮ ਜੱਸੀ ਨੇ ਕਿਹਾ ਕਿ ਹੱਸਣਾ ਸਰੀਰਕ ਸਿਹਤ ਲਈ ਵੀ ਲਾਭਦਾਇਕ ਹੈ। ਇਹ ਸਾਡੇ ਦਿਲ ਦੀ ਧੜਕਨ ਨੂੰ ਸੁਧਾਰਦਾ ਹੈ, ਖੂਨ ਦਾ ਦਬਾਅ ਘਟਾਉਂਦਾ ਹੈ ਅਤੇ ਰਕਤ ਪ੍ਰਵਾਹ ਨੂੰ ਬਿਹਤਰ ਬਣਾਉਂਦਾ ਹੈ। ਉਹਨਾਂ ਕਿਹਾ ਕਿ ਹੱਸਣ ਨਾਲ ਸਰੀਰ ਨੂੰ ਆਰਾਮ ਮਿਲਦਾ ਹੈ ਅਤੇ ਪੇਟ ਦੇ ਦਰਦ ਨੂੰ ਵੀ ਘਟਾਉਂਦਾ ਹੈ।

# ਨਵੀਆਂ ਵਿਕਸਿਤ ਹੋ ਰਹੀਆਂ ਅਣ-ਅਧਿਕਾਰਿਤ ਕਲੋਨੀਆਂ ਉੱਪਰ ਚੱਲਿਆ ਪੀਲਾ ਪੰਜਾ

**ਅੰਮ੍ਰਿਤਸਰ /ਅਰਵਿੰਦਰ ਵੜੈਚ**

ਪੰਜਾਬ ਸਰਕਾਰ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਤਹਿਤ ਏਡੀਏ ਦੇ ਮੁੱਖ ਪ੍ਰਸ਼ਾਸਕ ਨਿਤੇਸ਼ ਕੁਮਾਰ ਜੈਨ, ਆਈ.ਏ.ਐਸ ਅਤੇ ਵਧੀਕ ਮੁੱਖ ਪ੍ਰਸ਼ਾਸਕ ਇਨਾਯਤ, ਪੀ.ਸੀ.ਐਸ. ਵੱਲੋਂ ਜਾਰੀ ਹੁਕਮਾਂ ਦੀ ਪਾਲਣਾ ਕਰਦੇ ਹੋਏ ਜਿਲ੍ਹਾ ਟਾਊਨ ਪਲਾਨਰ (ਰੈਗੂਲੇਟਰੀ) ਗੁਰਸੇਵਕ ਸਿੰਘ ਔਲਖ ਦੀ ਅਗਵਾਈ ਹੇਠ ਏਡੀਏ ਦੇ ਰੈਗੂਲੇਟਰੀ ਵਿੰਗ ਵੱਲੋਂ ਡਿਊਟੀ ਮੈਜਿਸਟ ?ਰੇਟ ਸ਼ ?ਰੀ ਜਗਬੀਰ ਸਿੰਘ, ਉੱਪ-ਮੰਡਲ ਇੰਜੀਨੀਅਰ, ਏਡੀਏ, ਅੰਮ੍ਰਿਤਸਰ ਅਤੇ ਥਾਣਾ ਚਾਟੀਵਿੰਡ ਦੇ ਪੁਲਿਸ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਅੰਮ੍ਰਿਤਸਰ-ਤਰਨਤਾਰਨ ਰੋਡ ਉੱਪਰ ਬਣ ਰਹੀ ਅਣ-ਅਧਿਕਾਰਤ ਕਲੋਨੀ ਵਿਰੁੱਧ ਕਾਰਵਾਈ ਕਰਦੇ ਹੋਏ ਕਲੋਨੀ ਨੂੰ ਢਾਹ ਦਿੱਤਾ ਗਿਆ। ਰੈਗੂਲੇਟਰੀ ਵਿੰਗ ਵੱਲੋਂ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਭਵਿੱਖ ਦੇ ਵਿਕਾਸ ਨੂੰ ਨਿਯੰਤਰਣ ਕਰਨ ਲਈ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਤਰਨਤਾਰਨ ਰੋਡ ਉੱਪਰ ਪੈਂਦੇ ਪਿੰਡ ਚੱਬਾ ਵਿਖੇ ਬਾਬਾ ਨੌਧ ਸਿੰਘ ਜੀ ਦੀ ਸਮਾਧ ਨੇੜੇ ਵਿਕਸਿਤ ਕੀਤੀ ਜਾ ਰਹੀ ਅਣ-ਅਧਿਕਾਰਤ ਕਲੋਨੀ ਨੂੰ ਪਾਪਰਾ ਐਕਟ-1995 ਅਧੀਨ ਨੋਟਿਸ ਜਾਰੀ ਕਰਦਿਆਂ ਕੰਮ ਬੰਦ ਕਰਵਾਉਂਦੇ ਹੋਏ ਡੈਮੋਲੀਸ਼ਨ ਦੀ ਕਾਰਵਾਈ ਕੀਤੀ ਗਈ ਹੈ, ਕਿਉਂਜੋ ਉਕਤ ਅਣ-ਅਧਿਕਾਰਤ ਕਲੋਨੀ ਦੇ ਮਾਲਕਾਂ ਵੱਲੋਂ ਸਰਕਾਰ ਦੀਆਂ ਹਦਾਇਤਾਂ ਦੀ ਪ੍ਰਵਾਹ ਨਾ ਕਰਦੇ ਹੋਏ ਸਰਕਾਰੀ ਨਿਯਮਾਂ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਸਨ।



ਉਨ੍ਹਾਂ ਨੇ ਇਹ ਵੀ ਸਪੱਸ਼ਟ ਕੀਤਾ ਕਿ ਅਣ-ਅਧਿਕਾਰਤ ਕਲੋਨੀ ਕੱਟਣ ਵਾਲੇ ਵਿਅਕਤੀ ਵਿਰੁੱਧ ਪਾਪਰਾ ਐਕਟ-1995 ਦੀ ਸੋਧ 2024 ਅਨੁਸਾਰ 5 ਤੋਂ 10 ਸਾਲ ਦੀ ਕੈਦ ਅਤੇ 25 ਲੱਖ ਤੋਂ 5 ਕਰੋੜ ਦਾ ਜੁਰਮਾਨਾ ਵੀ ਕੀਤਾ ਜਾ ਸਕਦਾ ਹੈ। ਵਿਭਾਗ ਵੱਲੋਂ ਹੁਣ ਤੱਕ ਕੁੱਲ 16 ਅਣ-ਅਧਿਕਾਰਿਤ ਕਲੋਨੀ ਕੱਟਣ ਵਾਲੇ ਕਲੋਨਾਈਜ਼ਰਾਂ ਅਤੇ ਅਣ-ਅਧਿਕਾਰਿਤ ਉਸਾਰੀ ਕਰਨ ਵਾਲੇ ਉਸਾਰੀਕਰਤਾਵਾਂ ਵਿਰੁੱਧ ਐਫ.ਆਈ.ਆਰ ਦਰਜ ਕਰਨ ਲਈ ਪੁਲਿਸ ਵਿਭਾਗ ਨੂੰ ਲਿਖਿਆ ਜਾ ਚੁੱਕਾ ਹੈ। ਇਸ ਤੋਂ ਇਲਾਵਾ ਪੁੱਡਾ ਦੇ ਰੈਗੂਲੇਟਰੀ ਵਿੰਗ ਵੱਲੋਂ ਸਮੇਂ-ਸਮੇਂ ਤੇ ਜ਼ਿਲਾ ਅੰਮ੍ਰਿਤਸਰ ਅੰਦਰ ਵਿਕਸਿਤ ਕੀਤੀਆਂ ਜਾ ਰਹੀਆਂ ਅਣ-ਅਧਿਕਾਰਤ ਕਲੋਨੀਆਂ ਅਤੇ ਉਸਾਰੀਆਂ ਦਾ ਮੌਕਾ ਚੈਕ ਕਰਦੇ ਹੋਏ ਸਬੰਧਤ ਐਕਟ ਤਹਿਤ ਨੋਟਿਸ ਜਾਰੀ ਕਰਦਿਆਂ ਕੰਮ ਬੰਦ ਕਰਵਾਉਂਦੇ ਹੋਏ ਸਬੰਧਤ ਥਾਣਾ ਅਫਸਰ ਨੂੰ ਅਗਲੇਰੀ ਕਾਨੂੰਨੀ ਕਾਰਵਾਈ ਕਰਨ ਲਈ ਕਿਹਾ ਜਾ ਰਿਹਾ ਹੈ।

ਜਿਲ੍ਹਾ ਨਗਰ ਯੋਜਨਾਕਾਰ (ਰ), ਅੰਮ੍ਰਿਤਸਰ ਨੇ ਆਮ ਜਨਤਾ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਉਹ ਗੈਰ-ਕਨੂੰਨੀ ਕਲੋਨੀਆਂ ਜੋ ਕਿ ਪੁੱਡਾ ਵਿਭਾਗ ਤੋਂ ਮੰਜੂਰ ਸ਼ੁਦਾ ਨਹੀਂ ਹਨ, ਉਹਨਾਂ ਵਿੱਚ ਪੈਂਦੇ ਪਲਾਟਾਂ ਦੀ ਵਿਕਰੀ ਸਬੰਧੀ ਕਿਸੇ ਵੀ ਇਸ਼ਤਿਹਾਰ ਅਨੁਸਾਰ ਪਲਾਟ ਖਰੀਦਣ ਤੋਂ ਪਹਿਲਾਂ ਉਸ ਕਲੋਨੀ ਸਬੰਧੀ ਪੁੱਡਾ ਵੱਲੋਂ ਜਾਰੀ ਕੀਤੀ ਗਈ ਮੰਜੂਰੀ ਦੀ ਮੰਗ ਜ਼ਰੂਰ ਕਰਨ ਤਾਂ ਜੋ ਉਨ੍ਹਾਂ ਦੇ ਧਨ ਮਾਲ ਦਾ ਨੁਕਸਾਨ ਨਾ ਹੋ ਸਕੇ ਅਤੇ ਉਨ੍ਹਾਂ ਲਈ ਪਰੇਸ਼ਾਨੀ ਦਾ ਕਾਰਨ ਨਾ ਬਣੇ।

# ਬੀ ਐਸ ਐਫ ਪੱਛਮੀ ਕਮਾਂਡ ਵੱਲੋਂ ਵਿਸ਼ਵ ਵਾਤਾਵਰਣ ਦਿਵਸ 2025 ਮਨਾਇਆ ਗਿਆ

## ਵਾਤਾਵਰਣ ਦਾ ਪਤਨ ਰਾਸ਼ਟਰੀ ਸੁਰੱਖਿਆ ਲਈ ਦੁਸ਼ਮਣ ਵਾਂਗ ਗੰਭੀਰ ਖਤਰਾ- ਪ੍ਰਮੋਦ ਕੁਮਾਰ ਯਾਦਵ

**ਮੋਹਾਲੀ/ ਅਸ਼ੋਕ ਜੋਸ਼ੀ**

ਸੀਮਾ ਸੁਰੱਖਿਆ ਬਲ (ਬੀਐਸਐਫ) ਦੀ ਪੱਛਮੀ ਕਮਾਂਡ ਵੱਲੋਂ ਮੋਹਾਲੀ ਦੇ ਲਖਨੌਰ ਕੈਂਪਸ ਵਿੱਚ ਇੱਕ ਵਿਸ਼ਾਲ ਰੁੱਖ ਲਗਾਉਣ ਦੀ ਮੁਹਿੰਮ ਅਤੇ ਵਾਤਾਵਰਣ ਜਾਗਰੂਕਤਾ ਪ੍ਰੋਗਰਾਮ ਦੇ ਨਾਲ ਵਿਸ਼ਵ ਵਾਤਾਵਰਣ ਦਿਵਸ 2025 ਮਨਾਇਆ ਗਿਆ , ਜੋ ਸਰਹੱਦੀ ਸੁਰੱਖਿਆ ਦੇ ਨਾਲ-ਨਾਲ ਵਾਤਾਵਰਣ ਸੰਭਾਲ ਪ੍ਰਤੀ ਆਪਣੀ ਵਚਨਬੱਧਤਾ ਨੂੰ ਦਰਸਾਉਂਦਾ ਹੈ।

200 ਤੋਂ ਵੱਧ ਬੀਐਸਐਫ ਜਵਾਨਾਂ, ਅਧਿਕਾਰੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੇ ਇਸ ਸਾਲ ਦੇ ਵਿਸ਼ਵਵਿਆਪੀ ਨਾਅਰੇ ÷ ਪਲਾਸਟਿਕ ਪ੍ਰਦੂਸ਼ਣ ਨੂੰ ਹਰਾਓ ÷ 'ਤੇ ਅਧਾਰਤ ਦਿਨ ਭਰ ਦੇ ਸਮਾਗਮ ਵਿੱਚ ਹਿੱਸਾ ਲਿਆ ਅਤੇ ਕਮਾਂਡ ਹੈੱਡਕੁਆਰਟਰ ਕੈਂਪਸ ਵਿੱਚ ਸਮੂਹਿਕ ਤੌਰ 'ਤੇ ਦਵਾਈਆਂ ਵਾਲੇ ਪੌਦਿਆਂ ਸਮੇਤ ਸੈਂਕੜੇ ਪੌਦੇ ਲਗਾਏ।







ਸ਼੍ਰੀ ਪ੍ਰਮੋਦ ਕੁਮਾਰ ਯਾਦਵ, ਇੰਸਪੈਕਟਰ ਜਨਰਲ (ਐਚਆਰ ਅਤੇ ਲੌਜਿਸਟਿਕਸ), ਜਿਨ੍ਹਾਂ ਨੇ ਰੁੱਖ ਲਗਾਉਣ ਦੀ ਮੁਹਿੰਮ ਦੀ ਅਗਵਾਈ ਕੀਤੀ, ਨੇ ਰਾਸ਼ਟਰੀ ਅਤੇ ਵਾਤਾਵਰਣ ਸੁਰੱਖਿਆ ਪ੍ਰਤੀ ਫੋਰਸ ਦੀ ਦੋਹਰੀ ਜ਼ਿੰਮੇਵਾਰੀ 'ਤੇ ਜ਼ੋਰ ਦਿੱਤਾ। ਇਕੱਠ ਨੂੰ ਸੰਬੋਧਨ ਕਰਦੇ ਹੋਏ, ਉਨ੍ਹਾਂ ਕਿਹਾ, ÷ਰਾਸ਼ਟਰ ਦੀ ਸੁਰੱਖਿਆ ਪ੍ਰਤੀ ਸਾਡੀ ਵਚਨਬੱਧਤਾ ਸਰਹੱਦਾਂ ਦੀ ਰੱਖਿਆ ਤੋਂ ਪਰੇ ਸਾਡੀ ਕੁਦਰਤੀ ਵਿਰਾਸਤ ਦੀ ਰੱਖਿਆ ਤੱਕ ਜਾਂਦੀ ਹੈ। ਵਾਤਾਵਰਣ ਦਾ ਪਤਨ ਰਾਸ਼ਟਰੀ ਸੁਰੱਖਿਆ ਲਈ ਕਿਸੇ ਵੀ ਬਾਹਰੀ ਦੁਸ਼ਮਣ ਵਾਂਗ ਹੀ ਗੰਭੀਰ ਖ਼ਤਰਾ ਹੈ।÷

ਇਸ ਪਹਿਲਕਦਮੀ ਵਿੱਚ ਹੈੱਡਕੁਆਰਟਰ ਦੇ ਸਪੈਸ਼ਲ ਡਾਇਰੈਕਟਰ ਜਨਰਲ ਬੀਐਸਐਫ ਵੈਸਟਰਨ ਕਮਾਂਡ ਅਤੇ ਬਟਾਲੀਅਨ ਹੈੱਡਕੁਆਰਟਰ 101ਵੀਂ ਕੋਰ, ਸੀਮਾ ਸੁਰੱਖਿਆ ਬਲ ਦੇ ਕਰਮਚਾਰੀਆਂ ਨੇ ਸ਼ਿਰਕਤ ਕੀਤੀ, ਜਿਨ੍ਹਾਂ ਨੇ ਸਿੰਗਲ-ਯੂਜ਼ ਪਲਾਸਟਿਕ ਦੀ ਖਪਤ ਨੂੰ ਘਟਾਉਣ, ਪਾਣੀ ਸੰਭਾਲ ਉਪਾਵਾਂ ਨੂੰ ਲਾਗੂ ਕਰਨ ਅਤੇ ਆਪਣੇ ਰੋਜ਼ਾਨਾ ਦੇ ਕਾਰਜਾਂ ਵਿੱਚ ਟਿਕਾਊ ਅਭਿਆਸਾਂ ਨੂੰ ਅਪਣਾਉਣ ਦਾ ਸਮੂਹਿਕ ਪ੍ਰਣ ਲਿਆ।

ਬੀਐਸਐਫ ਵੈਸਟਰਨ ਕਮਾਂਡ ਆਪਣੇ ਸਾਰੇ ਅਦਾਰਿਆਂ ਵਿੱਚ ਹਰੀ ਪਹਿਲਕਦਮੀਆਂ ਨੂੰ ਸਰਗਰਮੀ ਨਾਲ ਉਤਸ਼ਾਹਿਤ ਕਰ ਰਹੀ ਹੈ ਅਤੇ ਆਪਣੇ ਅਧਿਕਾਰ ਖੇਤਰ ਅਧੀਨ ਸਾਰੀਆਂ ਇਕਾਈਆਂ ਵਿੱਚ ਸਮਾਨ ਵਾਤਾਵਰਣ ਪ੍ਰੋਗਰਾਮਾਂ ਨੂੰ ਵਧਾਉਣ ਦੀ ਯੋਜਨਾ ਬਣਾ ਰਹੀ ਹੈ। ਫੋਰਸ ਦਾ ਉਦੇਸ਼ ਭਾਰਤ ਦੀਆਂ ਪੱਛਮੀ ਸਰਹੱਦਾਂ 'ਤੇ ਕਾਰਜਸ਼ੀਲ ਤਿਆਰੀ ਨੂੰ ਬਣਾਈ ਰੱਖਦੇ ਹੋਏ ਆਪਣੇ ਕਾਰਜਾਂ ਵਿੱਚ ਕਾਰਬਨ ਨਿਰਪੱਖਤਾ ਪ੍ਰਾਪਤ ਕਰਨਾ ਹੈ।

ਇਸ ਮੌਕੇ 'ਤੇ ਬੋਲਦੇ ਹੋਏ, ਇੰਸਪੈਕਟਰ ਜਨਰਲ ਪ੍ਰਮੋਦ ਕੁਮਾਰ ਯਾਦਵ ਨੇ ਐਲਾਨ ਕੀਤਾ ਕਿ ਕਮਾਂਡ ਮਹੀਨਾਵਾਰ ਵਾਤਾਵਰਣ ਗਤੀਵਿਧੀਆਂ ਨੂੰ ਸੰਸਥਾਗਤ ਕਰੇਗੀ ਅਤੇ ਸਾਰੇ ਪ੍ਰਸ਼ਾਸਕੀ ਕਾਰਜਾਂ ਲਈ ਹਰੀ ਸ਼ਿਸ਼ਟਾਚਾਰ ਸਥਾਪਤ ਕਰੇਗੀ। ਉਨ੍ਹਾਂ ਅੱਗੇ ਕਿਹਾ, ÷ਅੱਜ ਦਾ ਰੁੱਖ ਲਗਾਉਣ ਦਾ ਅਭਿਆਨ ਇੱਕ ਵਾਰ ਦਾ ਪ੍ਰੋਗਰਾਮ ਨਹੀਂ ਹੈ ਬਲਕਿ ਸਾਡੇ ਨਿਰੰਤਰ ਵਾਤਾਵਰਣ ਮਿਸ਼ਨ ਦਾ ਹਿੱਸਾ ਹੈ।÷

ਪ੍ਰੋਗਰਾਮ ਦਾ ਸਮਾਪਨ ਕਰਮਚਾਰੀਆਂ ਨੇ ਆਪਣੇ ਭਾਈਚਾਰਿਆਂ ਵਿੱਚ ਵਾਤਾਵਰਣ ਰਾਜਦੂਤ ਬਣਨ ਅਤੇ ਸਰਹੱਦੀ ਖੇਤਰਾਂ ਦੀ ਸਥਾਨਕ ਆਬਾਦੀ ਵਿੱਚ ਵਾਤਾਵਰਣ ਜਾਗਰੂਕਤਾ ਨੂੰ ਉਤਸ਼ਾਹਿਤ ਕਰਨ ਦੀ ਸਹੁੰ ਚੁੱਕਣ ਨਾਲ ਕੀਤਾ।

ਭਾਰਤ-ਪਾਕਿਸਤਾਨ ਸਰਹੱਦ ਦੇ ਮਹੱਤਵਪੂਰਨ ਖੇਤਰਾਂ ਦੀ ਰਾਖੀ ਲਈ ਜ਼ਿੰਮੇਵਾਰ ਸੀਮਾ ਸੁਰੱਖਿਆ ਬਲ (ਪੱਛਮੀ ਕਮਾਂਡ), ਆਪਣੇ ਸੁਰੱਖਿਆ ਆਦੇਸ਼ ਨਾਲ ਸਮਾਜਿਕ ਜ਼ਿੰਮੇਵਾਰੀਆਂ ਨੂੰ ਸੰਤੁਲਿਤ ਕਰਨਾ ਜਾਰੀ ਰੱਖਦੀ ਹੈ, ਰਾਸ਼ਟਰੀ ਵਿਕਾਸ ਲਈ ਵਚਨਬੱਧ ਇੱਕ ਲੋਕ-ਪੱਖੀ ਫੋਰਸ ਵਜੋਂ ਆਪਣੀ ਭੂਮਿਕਾ ਨੂੰ ਮਜ਼ਬੂਤ ? ?ਕਰਦੀ ਹੈ।